

# ਅਨੁਭਵ ਤੇ ਪ੍ਰਛਾਵੇਂ

ਚਰਨ ਸਿੰਘ

# ਅਨੁਭਵ ਤੇ ਪ੍ਰਛਾਵੇਂ

## (ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# ANUBHAV TE PARCHHAVEN

( A Collection of Poems )

By : CHARAN SINGH
9251 ARVIDA, DR.
RICHMOND B.C.
V7A4K5
CANADA
Phone : 604-448-0331

N Author

:

Edition: 2012

Price : Rs. 200/-

Title Designed by : Daljeet Saini

**Published by :**
Punjab Book Centre
Sector 22, Chandigarh
Tel. : 0172-2701952, 27855056

---

ਅਨੁਭਵ ਤੇ ਪ੍ਰਛਾਵੇਂ (ਕਾਵਿ-ਸੰਗ੍ਰਹਿ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

ਬੜੇ ਹੀ ਅਦਬ ਤੇ ਸਤਿਕਾਰ ਸਹਿਤ
ਆਪਣੇ ਗੁਰੂਦੇਵ
ਪ੍ਰੋ. ਰਣਜੀਤ ਸਿੰਘ ਬਾਜਵਾ ਜੀ ਨੂੰ ਸਮਰਪਿਤ

<u>ਇਸੇ ਕਲਮ ਤੋਂ</u>

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗ਼ਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012

# ਚਰਨ ਸਿੰਘ ਦਾ ਜੀਵਨ—ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947

ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ

ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ

ਪਤਨੀ : ਪ੍ਰਕਾਸ਼ ਕੌਰ

ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ

ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ

ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

## ਛਪਾਈ ਅਧੀਨ ਪੁਸਤਕਾਂ

(1) ਹੰਝੂਆਂ ਦੇ ਦਰਿਆ (ਗੀਤਾਂ ਦਾ ਸੰਗ੍ਰਹਿ)
(2) ਮੈਂ ਪਗਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ)
(3) ਹੋਂਦ ਦੀ ਤਲਾਸ਼ (ਲੰਬੀ ਕਵਿਤਾ)
(4) ਬੁੱਕਲ (ਕਾਵਿ ਸੰਗ੍ਰਹਿ)
(5) ਕੁਕਨੂਸ (ਕਾਵਿ ਸੰਗ੍ਰਹਿ)
(6) ਕੋਰਾ ਕਾਗਜ਼ (ਕਾਵਿ ਸੰਗ੍ਰਹਿ)
(7) ਮੌਲੀ ਧਰਤੀ (ਕਾਵਿ ਸੰਗ੍ਰਹਿ)
(8) ਸੰਤੁਲਨ (ਕਾਵਿ ਸੰਗ੍ਰਹਿ)
(9) ਖ਼ਾਲੀ ਘਰ (ਕਾਵਿ ਸੰਗ੍ਰਹਿ)
(10) ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ)
(11) ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ)
(12) ਪ੍ਰਦਰਸ਼ਨੀ (ਕਾਵਿ ਸੰਗ੍ਰਹਿ)
(13) ਸਮਾਧੀ (ਕਾਵਿ ਸੰਗ੍ਰਹਿ)
(14) ਖੰਭ ਤੇ ਪ੍ਰਵਾਜ਼ (ਕਾਵਿ ਸੰਗ੍ਰਹਿ)
(15) ਮੁਕਤੀ (ਲੰਬੀ ਕਵਿਤਾ)
(16) ਕ੍ਰਾਂਤੀ (ਕਾਵਿ ਸੰਗ੍ਰਹਿ)
(17) ਹਸਤਨਾਪੁਰ (ਕਾਵਿ ਸੰਗ੍ਰਹਿ)
(18) ਜਗਿਆਸਾ (ਕਾਵਿ ਸੰਗ੍ਰਹਿ)
(19) ਪ੍ਰਦੂਸ਼ਨ (ਕਾਵਿ ਸੰਗ੍ਰਹਿ)
(20) ਬਸਤੀ ਤੇ ਸ਼ਹਿਰ (ਕਾਵਿ ਸੰਗ੍ਰਹਿ)
(21) ਅਰਥ (ਕਾਵਿ ਸੰਗ੍ਰਹਿ)
(22) ਸੁਰਖਸ਼ਾ (ਕਾਵਿ ਸੰਗ੍ਰਹਿ)
(23) ਮਹਿਮਾ (ਕਾਵਿ ਸੰਗ੍ਰਹਿ)
(24) ਆਗਮਨ (ਕਾਵਿ ਸੰਗ੍ਰਹਿ)
(25) ਚੁੱਪ ਦੀ ਅਵਾਜ਼ (ਕਾਵਿ ਸੰਗ੍ਰਹਿ)
(26) ਕਿਵ ਸੱਚਿਆਰਾ ਹੋਈਐ (ਨਾਟਕ)

## ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD sOF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ
ਚਰਨ ਸਿੰਘ ਦੀਆਂ ਪੁਸਤਕਾਂ ਤੇ Ph.D. ਕੀਤੀ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


1. ਮੇਰਾ ਸਾਇਆ
2. ਮੇਰਾ ਅੰਤਰੀਵ
3. ਰਾਖ਼ ਚੋਂ ਉੱਗਿਆ ਜੰਗਲ
4. ਪੈਰਾਂ ਦਾ ਸਫ਼ਰ
5. ਫੁੱਲ ਦਾ ਚਿਹਰਾ
6. ਖ਼ੁਸ਼ਬੂ ਦਾ ਬਦਨ
7. ਅਹਸਤੀ
8. ਆਸਰਾ
9. ਅਨੁਭਵ
10. ਫ਼ਜ਼ੂਲ
11. ਗ਼ਧਾ
12. ਮੁਫਲਸੀ
13. ਤੂੰ ਹੈਂ ਤਾਂ
14. ਸਵੈ ਦੀ ਤਲਾਸ਼
15. ਦੀਦਾਰ ਦੀ ਹਸਰਤ
16. ਤਮਾਸ਼ਾ
17. ਨੇਕੀ
18. ਪ੍ਰਾਹੁਣਾ
19. ਉਹ ਕੁੜੀ
20. ਸਥੂਲ ਲੋਕ

## ਮੇਰਾ ਸਾਇਆ

ਮੇਰਾ ਸਾਇਆ
ਦੁਨੀਆਂ ਹੈ
ਜਿਸ ਦੀ ਨਜ਼ਰ 'ਚ
ਜੋ ਜ਼ਹਿਰ ਹੈ
ਮੇਰੀ ਨਜ਼ਰ 'ਚ
ਉਹ ਅੰਮ੍ਰਿਤ ਹੈ

-0-

ਮੇਰੇ ਨਾਲ ਤੁਰਦਾ ਹੈ
ਮੇਰਾ ਲਹੂ
ਮੇਰੀ ਊਰਜਾ
ਮੇਰੀ ਸਰੀਰਕ ਕਾਰਜ ਪ੍ਰਣਾਲੀ
ਮੈਨੂੰ ਲੈ ਆਉਂਦੀ ਹੈ
ਉਥੇ
ਜਿੱਥੇ ਮੇਰੇ ਤੋਂ ਸਿਵਾ
ਕੋਈ ਨਹੀਂ
ਮੇਰੀ ਨਜ਼ਰ ਹੈ
ਅੰਮ੍ਰਿਤ ਹੈ
ਸਾਇਆ ਮੇਰੇ ਤੋਂ
ਬਹੁਤ ਪਿੱਛੇ ਰਹਿ ਗਿਆ ਹੈ

ਆਪਣੀਆਂ
ਨਜ਼ਰਾਂ ਦੇ ਜ਼ਹਿਰ 'ਚ
ਗੁਆਚ ਗਿਆ ਹੈ

-0-

ਇਸ ਪੜਾਅ ਤੇ
ਸਾਏ ਦਾ ਭਰਮ
ਸਾਏ ਦੀ ਨਜ਼ਰ ਦਾ ਸੱਚ
ਮੇਰੇ ਚੋਂ
ਨੁਚੜ ਗਿਆ ਹੈ
ਮੈਂ ਆਪਣੀ ਦੇਹ ਦਾ
ਸੱਚ ਹਾਂ
ਨਜ਼ਰ ਦੇ ਨਜ਼ਰੀਏ ਦਾ
ਸੱਚ ਹਾਂ
ਆਪਣੇ ਪੈਰਾਂ ਤੇ ਤੁਰਦਾ
ਆਪਣੇ ਨਜ਼ਰੀਏ ਦਾ
ਅੰਮ੍ਰਿਤ ਸੱਚ
ਬੀਜਦਾ ਜਾ ਰਿਹਾ ਹਾਂ
ਆਪਣੀ
ਧਰਤੀ ਤੇ ਅੰਮ੍ਰਿਤ ਦੇ ਰੁੱਖ
ਉੱਗਾ ਰਿਹਾ ਹਾਂ
ਜਿਨ੍ਹਾਂ ਰੁੱਖਾਂ ਦੀ

ਪਹਿਚਾਣ ਲਈ
ਸਾਏ ਦੇ ਦਰਪਣ ਦੀ
ਲੋੜ ਨਹੀਂ

-0-

ਦੁਨੀਆਂ
ਮੇਰਾ ਸਾਇਆ
ਸਾਏ ਦਾ ਸੱਚ ਜਿਸਮ ਹੈ
ਜੋ ਮੈਂ ਹਾਂ
ਜਿਸ ਦੀ ਨਜ਼ਰ
ਨਜ਼ਰੀਆ ਸੱਚ ਹੈ
ਸਾਏ ਦੀ ਨਜ਼ਰ
ਨਜ਼ਰੀਆ ਭਰਮ ਹੈ
ਸਾਏ ਦਾ ਕਾਰਜ ਕਰਮ
ਤੇ ਫੱਲ ਭਰਮ ਦਾ

-0-

ਸਾਏ ਦੀ ਨਜ਼ਰ ਤੋਂ
ਆਪਣੇ ਨਜ਼ਰੀਏ ਨੂੰ
ਪਰਖਣਾ
ਜਾਂ
ਆਪਣੀਆਂ ਅੱਖ੍ਹਾਂ ਤੇ
ਸਾਏ ਦੀਆਂ ਅੱਖ੍ਹਾਂ
ਲਾ ਕੇ ਵੇਖਣਾ

ਜ਼ਿੰਦਗੀ 'ਚ
ਕਬਰਾਂ ਬੀਜਣਾ ਹੈ
ਜਿਉਂਦੇ ਜੀਅ ਮਰਨਾ ਹੈ
ਸਾਏ ਦੀ
ਆਪਣੀ ਕੋਈ ਹਸਤੀ
ਨਹੀਂ
ਕੋਈ ਵਜ਼ੂਦ ਨਹੀਂ
ਸਾਇਆ ਖ਼ਾਲੀ ਖੋਲ੍ਹ ਹੈ
ਜਿਸ ਵਿਚ
ਜ਼ਿੰਦਗੀ ਮੌਜ਼ੂਦ ਨਹੀਂ
ਸਾਇਆ
ਦੇਹ ਦਾ ਸੱਚ ਨਹੀਂ
ਸੋਾਇਆ
ਦੇਹ ਚੋਂ ਮਨਫ਼ੀ ਅਗਤੀ
ਦਾ ਰੂਪ ਹੈ

-0-

ਦੁਨੀਆਂ
ਮੇਰਾ ਸਾਇਆ ਹੈ
ਜਿਸ ਦੀ ਨਜ਼ਰ 'ਚ
ਮੇਰੀ ਦੇਹ ਦਾ ਸੱਚ
ਇਕ ਬਿੰਦੂ ਹੈ

ਜਿਸ ਦੁਆਲੇ
ਮੇਰੇ ਸਾਏ ਦਾ ਦਾਇਰਾ ਹੈ
ਇਹ ਦਾਇਰਾ
ਇਹ ਨਹੀਂ ਜਾਣਦਾ
ਕਿ ਮੈਂ ਬੱਦਲ ਦੀ
ਉਹ ਕਣੀ ਹਾਂ
ਜਿਸ ਸਦਕਾ
ਇਹ ਦਾਇਰਾ ਹਰਾ ਹੈ
ਮੈਂ ਨਹੀਂ ਤਾਂ
ਇਹ ਦਾਇਰਾ
ਸਾਰੇ ਦਾ ਸਾਰਾ ਸਹਿਰਾ ਹੈ
ਇਸ ਸਾਏ ਦੇ
ਦਾਇਰੇ ਦੀ ਹਸਤੀ
ਮੇਰੇ ਬਿੰਦੂ 'ਚ ਮੌਜ਼ੂਦ ਹੈ
ਮੇਰੇ ਤੋਂ ਬਿਨਾਂ
ਇਸ ਦੀ ਕੀ ਹਸਤੀ ਹੈ
ਕੀ ਹੋਂਦ ਹੈ ਕੀ ਸੱਚ ਹੈ
ਕੀ ਵਜ਼ੂਦ ਹੈ

----

## ਮੇਰਾ ਅੰਤਰੀਵ

ਮੈਂ
ਹਰ ਚੌਰਾਹੇ 'ਚ
ਉਤਰਿਆ ਹਾਂ
ਹਰ ਚੌਰਾਹਾ
ਮੇਰੇ 'ਚ ਉਤਰਿਆ ਹੈ
ਮੇਰੇ 'ਚ
ਉਤਰਿਆ ਚੌਰਾਹਾ
ਦਿਸ਼ਾਵਾਂ ਤੇ ਰਾਹ ਭੁੱਲ
ਗਿਆ-
ਮੈਂ ਚੌਰਾਹੇ 'ਚ ਉਤਰਿਆ
ਚੌਰਾਹੇ ਦੇ ਦਰ
ਦਿਸ਼ਾਵਾਂ ਤੇ ਰਾਹਾਂ ਲੈ ਆਇਆ

-0-

ਮੇਰੇ ਅੰਦਰਲੇ ਚੌਰਾਹੇ ਚੋਂ
ਕੋਈ ਵੀ ਰਸਤਾ
ਬਾਹਰ ਨਹੀਂ ਜਾਂਦਾ
ਮੇਰੇ ਤੋਂ ਸ਼ੁਰੂ ਹੋ ਕੇ
ਮੇਰੇ ਤੇ ਹੀ ਮੁੱਕਦਾ ਹੈ
ਮੇਰਿਆਂ ਪੈਰਾਂ 'ਚ ਭੌਂਦਾ ਹੈ
ਮੇਰੀਆਂ ਰਾਹਾਂ ਤੇ ਤੁਰਦਾ ਹੈ

ਆਪਣਿਆਂ ਪੈਰਾਂ
ਤੇ ਰਾਹਾਂ 'ਚ
ਗਤੀਸ਼ੀਲ ਹੋਣ ਤੋਂ ਪਹਿਲਾਂ
ਹੀ ਮੁੱਕਦਾ ਹੈ

-0-

ਮੇਰੇ ਚੋਂ
ਕਈ ਸੜਕਾਂ ਤੇ ਗਲੀਆਂ
ਨਿਕਲੀਆਂ ਹਨ
ਜੋ ਅੱਜ ਤਕ ਨਹੀਂ
ਪਰਤੀਆਂ
ਕੰਡ ਦੇ ਕੇ ਤੁਰ ਗਈਆਂ,
ਹਨ
ਉਨ੍ਹਾਂ ਦੀ ਕੰਡ ਤੇ
ਲਿਖਿਆ ਹੈ
ਮੈਂ ਚੁੱਪ ਹਾਂ
ਉਦਾਸੀ ਹਾਂ ਉਜਾੜ ਹਾਂ
ਉਨ੍ਹਾਂ ਦੇ ਨੈਣਾਂ 'ਚ ਸ਼ੋਰ ਹੈ
ਅੰਗਾਂ ਤੇ ਨਕ਼ਸ਼ਾਂ 'ਚ ਰੌਣਕ ਹੈ
ਚਿਹਰੇ ਤੇ ਲਿਖਿਆ
ਬਹਾਰ ਹੈ

-0-

ਮੇਰੇ ਚੋਂ
ਕਈ ਚਿਹਰੇ ਨਿਕਲੇ ਹਨ

ਜਦ ਕਦੀ
ਸੜਕਾਂ ਬਜ਼ਾਰਾਂ 'ਚ
ਮਿਲਦੇ ਹਨ
ਤਾਂ
ਮੈਨੂੰ ਪਹਿਚਾਣਦੇ ਨਹੀਂ
ਮੇਰੇ ਅੰਦਰ ਬਲਦਾ ਸਿਵਾ
ਸਿਆਣਦੇ ਨਹੀਂ
ਮੈਂ ਤੇ ਉਨ੍ਹਾਂ ਨੂੰ
ਇਸ ਲਈ ਬਦਸੂਰਤ
ਕਰ ਦਿੱਤਾ
ਕਿ ਮੈਨੂੰ ਛੱਡ ਕੇ ਤੁਰ ਜਾਣ
ਨਾ ਕਿਧਰੇ
ਕੀ ਪਤਾ
ਪਰਤਕੇ ਅਉਣ ਨਾ ਕਿਧਰੇ

-0-

ਮੈਂ
ਆਪਣੀ ਕਰੂਪਤਾ 'ਚ
ਉਨ੍ਹਾਂ ਦੀ ਸੁੰਦਰਤਾ ਘੋਲ
ਲੈਂਦਾ ਹਾਂ
ਉਨ੍ਹਾਂ ਦੇ ਆਸਰੇ
ਆਪਣੀ ਚੁੱਪ ਤੇ ਉਦਾਸੀ ਚੋਂ

ਬੋਲ ਪੈਂਦਾ ਹਾਂ
ਇਕ ਪਲ ਜਿਉਣ ਲਈ
ਜ਼ਿੰਦਗੀ ਦੀ ਰੌਣਕ ਲਈ
ਉਜਾੜਾਂ ਦਾ ਦਰ ਖੋਲ੍ਹ ਲੈਂਦਾ ਹਾਂ
ਇਕ ਪਲ ਜਿਉਣ ਲਈ
ਉਨ੍ਹਾਂ ਦਾ ਹੋਣ ਲਈ
ਛੱਡ ਕੇ ਤੁਰ ਗਈਆਂ
ਸੜਕਾਂ ਤੇ ਗਲੀਆਂ ਨੂੰ
ਪੁਕਾਰਦਾ ਹਾਂ
ਉਜੜੇ ਚੌਰਾਹਿਆਂ ਨੂੰ
ਆਪਣੇ 'ਚ ਉਤਾਰਦਾ ਹਾਂ
ਚੁੱਪਾਂ ਉਦਾਸੀਆਂ ਤੇ ਉਜਾੜਾਂ
ਆਪਣੇ ਅੰਤਰੀਵ 'ਚ ਸੰਭਾਲਦਾ
ਹਾਂ
ਰੰਗ ਰੌਣਕਾਂ ਹਾਸੇ ਤੇ
ਖ਼ੁਸ਼ੀਆਂ
ਚੌਂਕਾਂ ਚੌਰਾਹਿਆਂ ਸੜਕਾਂ
ਤੇ ਗਲੀਆਂ 'ਚ
ਖਲਾਰਦਾ ਹਾਂ

----

## ਰਾਖ਼ ਚੋਂ ਉੱਗਿਆ ਜੰਗਲ

ਇਸ ਜੰਗਲ ਦੀ ਚੁੱਪ ਵੀ
ਬੜੀ ਅਜ਼ੀਬ ਹੈ
ਬੋਲਦੀ ਹੈ
ਪਰ ਸੁਣਦੀ ਨਹੀਂ

-0-

ਜੰਗਲ
ਤੁਰਨ ਲਗਦਾ ਹੈ
ਭੁਰਨ ਲਗਦਾ ਹੈ
ਸੜਨ ਲਗਦਾ ਹੈ
ਖੁਰਨ ਲਗਦਾ ਹੈ
ਆਪਣੀ ਹਰਿਆਵਲ ਨੂੰ
ਉਬਾਲਦਾ ਹੈ
ਭਾਫ਼ ਦੇ ਰੂਪ 'ਚ ਉਤਾਰਦਾ ਹੈ
ਬੱਦਲ ਬਣਦਾ ਹੈ
ਤੇ ਆਪਣੀ ਹੀ ਰਾਖ਼ ਤੇ
ਵਰ੍ਹਨ ਲਗਦਾ ਹੈ

-0-

ਰਾਖ਼ ਚੋਂ
ਇਕ ਨਵਾਂ ਜੰਗਲ
ਉੱਗਦਾ ਹੈ

ਜੋ ਰੁੱਖਾਂ ਮੁਤਾਬਕ
ਜੰਗਲੀ ਜੀਵਨ ਸਿਰਜਦਾ ਹੈ
ਹਰ ਇਕ ਰੁੱਖ ਦਾ
ਆਪਣਾ ਆਪਣਾ ਸੱਚ ਹੈ
ਸਾਰੇ ਰੁੱਖਾਂ ਦਾ
ਜੰਗਲ ਸਰਬ ਸੱਚ ਹੈ

-0-

ਪੱਤਿਆਂ ਦਾ ਨਵਾਂ ਰੂਪ ਹੈ
ਟਹਿਣੀਆਂ ਦਾ ਨਵਾਂ ਸਰੂਪ ਹੈ
ਫੁੱਲਾਂ ਦਾ ਰੰਗ ਵੱਖਰਾ ਹੈ
ਫੱਲਾਂ ਦਾ ਰੱਸ ਵੱਖਰਾ ਹੈ
ਜੜ੍ਹ ਜਲ ਧਰਤੀ ਚੋਂ ਨਹੀਂ
ਅੰਬਰ ਚੋਂ ਸੀਕਦੀ ਹੈ
ਰੁੱਖਾਂ ਦੇ ਚਿਹਰੇ ਨਵੇਂ ਹਨ
ਰੰਗ ਰੂਪ ਤੇ ਨੁਹਾਰ ਵੱਖਰੀ ਹੈ
ਰੁੱਖਾਂ ਦੇ ਪਿੰਡੇ 'ਚ
ਅੰਧਵਿਸ਼ਵਾਸ਼ ਦੀ ਥਾਂ
ਸੱਚ ਦੇ ਸੂਰਜ ਜਗਦੇ ਹਨ
ਜੋ ਰੁੱਖਾਂ ਦੇ ਅੰਦਰ ਤੇ ਬਾਹਰ
ਚਾਨਣ ਕਰਦੇ ਹਨ

-0-

ਰੁੱਖਾਂ
ਆਪਣੀ ਸੀਮਾਂ ਸੰਭਾਵਨਾਂ
ਤੋਂ ਬਾਹਰ ਵਿਚਰਦੇ ਹਨ

ਰੁੱਖਾਂ ਦਾ ਹਰ ਪੱਤਾ
ਜੰਗਲ ਦੇ ਮਦਰੱਸੇ ਚੋਂ
ਹਾਣ ਦੀ ਭਾਸ਼ਾ
ਅਨੁਸ਼ਾਸਨ ਤੇ
ਜੰਗਲ ਲਈ ਕੁਰਬਾਨੀ ਦਾ
ਕਿਰਦਾਰਿਕ ਸੱਚ
ਸਿੱਖਦਾ ਹੈ
ਆਪਣੇ ਆਦਰਸ਼
ਸੁੰਦਰਤਾ ਤੇ ਸਵੈ ਅਭਿਮਾਨ
ਲਈ
ਮਰ ਮਿਟਦਾ ਹੈ

-0-

ਜੰਗਲ 'ਚ
ਜੰਗਲ ਦਾ ਰਾਜ ਨਹੀਂ
ਹਰ ਰੁੱਖ ਕੋਲ
ਆਪਣਾ ਸੱਚ ਜਾਣਨ ਲਈ
ਆਪਣਾ ਚਿਰਾਗ ਹੈ
ਨਾ ਮੰਗਵੀਂ ਹਵਾ ਹੈ
ਨਾ ਮੰਗਵੀਂ ਬਹਾਰ ਹੈ
ਜੰਗਲੀ ਜੀਵਨ 'ਚ
ਜੋ ਕੁੱਝ ਵੀ ਵਿਚਰਦਾ ਹੈ
ਰੁੱਖਾਂ ਦਾ ਆਪਣਾ ਹੈ
ਜੰਗਲ ਚੋਂ ਰੁੱਖਾਂ ਦਾ

ਰੁੱਖਾਂ ਚੋਂ ਜੰਗਲ ਦਾ
ਸੱਚ ਜਗਦਾ ਹੈ

-0-

ਪੰਛੀਆਂ ਤੋਂ
ਆਲ੍ਹਣੇ ਦੇ ਇਵਜ਼ 'ਚ
ਜੰਗਲ ਕੁੱਝ ਨਹੀਂ ਲੈਂਦਾ
ਸਗੋਂ ਪੰਛੀਆਂ ਦਾ ਖਾਣਾ
ਪੀਣਾ ਰਹਿਣਾ ਤੇ ਸੁਰੱਖਿਆ
ਜੰਗਲ ਪ੍ਰਦਾਨ ਕਰਦਾ ਹੈ
ਪੰਛੀਆਂ ਦੀ ਜਾਨ
ਮਾਲ ਲਈ
ਜੰਗਲ ਆਪਣਾ ਸਿਰ
ਤਲੀ ਤੇ ਧਰਦਾ ਹੈ
ਪੰਛੀ ਆਪਣੇ ਬੋਲਾਂ
ਆਪਣੇ ਸੰਗੀਤ ਨਾਲ
ਜੰਗਲ ਦਾ ਮਨੋਰੰਜਨ
ਕਰਦੇ ਹਨ
ਜੰਗਲ ਦਾ ਵਾਤਾਵਰਨ
ਸੁੰਦਰ ਖ਼ੁਸ਼ਹਾਲ ਤੇ
ਰਮਣੀਕ ਰੱਖਦੇ ਹਨ
ਜੰਗਲ ਦੀ
ਆਰਤੀ ਉਤਾਰਦੇ ਹਨ
ਜੰਗਲ ਦੇ ਚਰਨੀਂ
ਸ਼ਰਧਾ ਦੇ ਫੁੱਲ ਧਰਦੇ ਹਨ

-0-

ਨਵੇਂ ਉੱਗੇ ਜੰਗਲ ਦਾ
ਆਪਣਾ ਹੀ ਰੰਗ ਮੰਚ ਹੈ
ਆਪਣੀ ਕਥਾ
ਆਪਣਾ ਕਿਰਦਾਰ
ਆਪਣਾ ਸੰਗੀਤ ਹੈ
ਬਿੰਦੂਆਂ ਤੋਂ
ਦਾਇਰਿਆਂ 'ਚ ਫੈਲੀ
ਨਵੇਂ ਜੰਗਲ ਦੀ ਪ੍ਰੀਤ ਹੈ
ਆਪਣੀ ਬੋਲੀ
ਆਪਣਾ ਵਾਰਤਾਲਾਪ
ਆਪਣਾ ਸੰਵਾਦ
ਆਪਣਾ ਸੂਤਰਧਾਰ ਹੈ
ਜੰਗਲ
ਆਪਣੇ ਭੂਤ ਦੀ ਢਹਿੰਦੀ
ਕਲਾ ਤੋਂ ਆਜ਼ਾਦ ਹੈ
ਜੰਗਲ
ਅਭੀਨੇਤਾ ਵੀ ਹੈ
ਅਭੀਨੈ ਵੀ ਹੈ ਦਰਸ਼ਕ ਵੀ ਹੈ
ਨਾ ਕੋਈ ਵੈਰੀ
ਨਾ ਹੀ ਬੇਗ਼ਾਨਾ
ਆਪਣੇ ਆਪ ਦਾ
ਰਖ਼ਸ਼ਕ ਵੀ ਹੈ

----

## ਪੈਰਾਂ ਦਾ ਸਫ਼ਰ

ਪੈਰ ਇਕ :-

ਉਹ ਪੈਰਾਂ ਦੀ ਭੀੜ
ਹੇਠ ਤੁਰਦਾ ਜਾ ਰਿਹਾ
ਸੀ
ਆਪਣਾ ਸੱਚ ਭਾਲਦਾ
ਭੁਰਦਾ ਖੁਰਦਾ ਜੁੜਦਾ
ਜਾ ਰਿਹਾ ਸੀ
ਜੇ ਪਹਾੜ
ਆਪਣੀ ਹਸਤੀ ਮਿਟਾ
ਜ਼ਰਾ ਹੋ ਜਾਏ
ਜ਼ਰਿਆਂ ਦੇ ਪੈਰਾਂ ਦੀ ਧੂੜ
ਹੋ ਜਾਏ
ਤਾਂ ਉਹ
ਆਪਣੀ ਹੋਂਦ ਦਾ ਸੱਚ
ਪਾ ਸਕਦਾ ਹੈ
ਜ਼ਰੇ ਤੋਂ ਪਹਾੜ ਕਹਾ
ਸਕਦਾ ਹੈ

-0-

ਉਹ

ਜ਼ਰਿਆਂ ਦੇ ਪੈਰਾਂ ਦੀ ਭੀੜ ਹੇਠ
ਤੁਰਦਾ ਰਿਹਾ
ਕਦੀ ਧੂੜ ਬਣਿਆ ਕਦੀ ਘੱਟਾ
ਕਦੀ ਗੁਬਾਰ
ਪੈਰਾਂ ਦੀ ਭੀੜ ਹੇਠਾਂ
ਉਹ ਮਸਲਿਆ ਗਿਆ
ਨਾ ਪਹਾੜ ਹੀ ਰਿਹਾ
ਨਾ ਜ਼ਰਾ ਹੀ ਰਿਹਾ
ਬੇਨਾਮ ਦੁਨੀਆਂ 'ਚ
ਗੁਵਾਚ ਗਿਆ
ਉਸ ਨੂੰ ਕੁੱਝ ਵੀ ਨਾ
ਆਪਣਾ ਯਾਦ ਰਿਹਾ

-0-

ਪੈਰ ਦੋ :-

ਉਹ ਪੈਰਾਂ ਦੀ ਭੀੜ ਹੇਠ
ਤੁਰਦਾ ਤਾਂ ਰਿਹਾ
ਪਰ ਜ਼ਰੇ ਵਾਂਗ ਨਹੀਂ
ਪਹਾੜ ਵਾਂਗ
ਪਹਾੜ ਦੀ ਹਸਤੀ ਦਾ
ਅਹਿਸਾਸ
ਉਸਦੇ ਲਹੂ 'ਚ ਗਿੜਦਾ
ਰਿਹਾ
ਉਸਦੀਆਂ ਨਸਾਂ 'ਚ
ਜਿਉਂਦਾ ਰਿਹਾ
ਉਸਦੇ ਪ੍ਰਾਣਾਂ 'ਚ ਭੌਂਦਾ
ਰਿਹਾ
ਉਹ ਚੁੱਪ ਦੀ ਦੁਨੀਆਂ 'ਚ ਵੀ
ਆਪਣੇ ਸ਼ੋਰ ਨੂੰ
ਗਾਉਂਦਾ ਰਿਹਾ
ਪੈਰਾਂ ਦੇ ਹੇਠ ਆਇਆ ਵੀ
ਆਪਣੀ
ਮਾਨਸਿਕਤਾ 'ਚ ਪਹਾੜ
ਉਸਾਰਦਾ ਰਿਹਾ
ਆਪਣੇ ਜੁੱਸੇ 'ਚ ਪਹਾੜ
ਉਤਾਰਦਾ ਰਿਹਾ

-0-

**ਪੈਰ ਤਿੰਨ :-**

ਉਸਨੇ
ਆਪਣੇ ਸਿਰ 'ਚ
ਪੈਰਾਂ ਨੂੰ ਉਤਾਰਿਆ
ਆਪਣੇ ਵਜ਼ੂਦ ਚੋਂ
ਪਹਾੜ ਦੀ ਹਸਤੀ ਦਾ
ਅਹਿਸਾਸ ਨਿਚੋੜਿਆ
ਪਹਾੜ ਦੀ ਅਤੁੱਲਤਾ ਤੇ
ਅਕਾਰ ਨਾਲੋਂ
ਆਪਣਾ ਰਿਸ਼ਤਾ ਤੋੜਿਆ
ਜ਼ਰੇ ਦੀ ਨਾਚੀਜ਼ ਹਸਤੀ ਨੂੰ
ਜੀਵਿਆ
ਜ਼ਰੇ ਦੀ ਅਹਸਤੀ ਨਾਲ
ਆਪਣਾ ਨਾਤਾ ਜੋੜਿਆ
ਜਦ ਉਹ ਜ਼ਰਾ ਹੋ ਗਿਆ
ਉਸ ਚੋਂ
ਉਸਦੀ ਮੈਂ ਮਰ ਗਈ
ਉਸਦੇ ਮਸਤਕ 'ਚ
ਤੂੰ ਦੀ ਜਗਦੀ ਜੋਤ
ਧਰ ਗਈ
ਉਹ ਆਪਣੀ ਹੋਂਦ ਦੇ ਸੱਚ ਦੇ

ਦਰ ਤੇ ਆ ਗਿਆ
ਜ਼ਰੇ ਦੇ ਅਕਾਰ ਚੋਂ
ਪਹਾੜ ਪਾ ਗਿਆ

-0-

ਜੋ ਪਹਾੜ
ਹੁੰਦਿਆਂ ਹੋਇਆਂ ਵੀ
ਆਪਣੀ ਨਜ਼ਰ 'ਚ
ਜ਼ਰੇ ਸਮਾਨ ਸੀ
ਉਸਦੀ ਤੂੰ 'ਚ
ਉਸਦੀ ਮੈਂ ਦਾ ਨਹੀਂ
ਸਿਰਫ਼ ਤੂੰ ਦਾ ਸਥਾਨ ਸੀ
ਮੈਂ ਉਸਦੀ ਕਲਪਣਾ ਤੇ
ਚੇਤਨਾ ਤੋਂ ਬਾਹਰ ਸੀ
ਉਸਨੂੰ ਸਮਝ ਆਈ
ਭੀੜ ਦੇ ਪੈਰਾਂ 'ਚ ਰੁਲਣ ਦੀ
ਲੋੜ ਨਹੀਂ
ਆਪਣੇ ਆਪ ਤੇ
ਪੈਰ ਧਰ ਕੇ ਗੁਜ਼ਰਨ ਦੀ ਲੋੜ ਹੈ
ਭੀੜ ਦੇ ਪੈਰਾਂ 'ਚ ਰਹਿ
ਉਸਨੂੰ ਸਿਮਰਨ ਦੀ ਲੋੜ ਹੈ
ਨੀਵਿਆਂ ਅੰਦਰ ਅਤਿ ਨੀਵੇਂ ਹੋ ਕੇ
ਉਤਰਨ ਦੀ ਲੋੜ ਹੈ

----

## ਫੁੱਲ ਦਾ ਚਿਹਰਾ

ਲੋਹੇ ਦੇ ਜ਼ਰਾ ਬਖ਼ਤਰ 'ਚ
ਇਕ ਫੁੱਲ ਦਾ ਜਿਸਮ
ਕਲੀਆਂ ਦੀ ਖ਼ੁਸ਼ਬੂ ਜਿਹਾ
ਖਿੰਦਾ ਦੇ ਮੁਲਾਇਮ ਚਿਹਰਾ
ਚਿਹਰੇ ਤੇ
ਪਿਆਰ ਧਰਮ ਤੇ
ਇਨਸਾਨੀਅਤ ਦੇ ਜ਼ਖ਼ਮਾਂ
ਦੇ ਦਾਗ਼

-0-

ਝੱਖੜਾਂ
ਤੂਫਾਨਾਂ
ਹਨ੍ਹੇਰੀਆਂ ਨੂੰ
ਮੁੱਠ 'ਚ ਫੜਨ ਦੇ ਅਰਮਾਨ
ਬੰਨ੍ਹ ਕੇ ਬੁੱਚਕੀ ਧਰਤ ਦੀ
ਇਰਾਦਾ
ਪੈਰਾਂ ਹੇਠ ਧਰਨ ਦਾ ਅਸਮਾਨ
ਕੈਦ ਕਰਨਾ ਸਮੇਂ ਨੂੰ
ਜਿਸਦਾ ਧਿਆਨ
ਚਿਹਰੇ ਤੇ ਜੋਸ਼ ਦੇ
ਬਲਦੇ ਭਾਂਬੜ
ਅੱਖਾਂ 'ਚ ਰੰਜਸ਼ ਤੇ ਜਲਾਲ

ਦੇਹ 'ਚ
ਉਬਲਦੇ ਲਹੂ ਦੇ
ਉਬਾਲ
ਦਾਵਾਨਲ ਦੇ
ਇਕ ਹੱਥ 'ਚ ਢਾਲ
ਦੂਜੇ ਹੱਥ 'ਚ ਤਲਵਾਰ
ਪੌਣਾਂ ਦੇ ਘੋੜੇ ਤੇ ਸਵਾਰ

-0-

ਤੱਕਿਆ
ਉਸਦੇ ਨੈਣਾਂ ਜਦੋਂ
ਪਿਆਰ 'ਚ ਭਿੱਜਿਆ
ਬਦਨ
ਨੀਹਾਂ 'ਚ ਚਿਣਿਆ ਗਿਆ
ਖ਼ੁਸ਼ਬੂਆਂ ਰੌਣਕਾਂ ਦੁਆਲੇ
ਪੱਥਰੀ ਕਿਲਿਆਂ ਨੂੰ
ਬੁਣਿਆ ਗਿਆ
ਰੌਸ਼ਨੀ ਨੂੰ
ਕੈਦ ਕਰਨ ਦਾ
ਸਿਲਸਿਲਾ ਕੀਤਾ ਗਿਆ
ਭਵਰੇਂ ਨੂੰ ਰੋਕਣ ਲਈ
ਕਲੀਆਂ ਦੁਆਲੇ

ਤਲਵਾਰਾਂ ਦੀ ਵਾੜ
ਕਰ ਦਿੱਤੀ ਗਈ
ਪ੍ਰਵਾਨੇ ਲਈ ਲਪੇਟ ਕੇ
ਸ਼ਮਾਂ
ਪੱਥਰਾਂ ਹੇਠ ਧਰ ਦਿੱਤੀ ਗਈ

-0-

ਜੀਵਨ ਦੇ ਸੋਮੇ ਤੇ
ਧਰਦਿਆਂ ਪੱਥਰ
ਉਸ ਤੋਂ ਨਾ ਜਰਿਆ ਗਿਆ
ਫੁੱਲ ਦੀਆਂ
ਅੱਖਾਂ ਚੋਂ ਅੱਥਰੂ ਡੁੱਲ੍ਹ ਗਏ
ਫੁੱਲ ਦੇ ਚਿਹਰੇ ਤੇ
ਪਿਆਰ ਧਰਮ ਤੇ
ਇਨਸਾਨੀਅਤ ਦੇ ਜ਼ਖ਼ਮ
ਦਾਗ਼ ਬਣਕੇ ਉੱਗ ਪਏ

-0-

ਖ਼ੁਸ਼ਬੂਆਂ ਦੀ ਜਾਤ ਨੀਵੀਂ
ਰੌਸ਼ਨੀ ਦੀ ਨਸਲ
ਉਨ੍ਹਾਂ ਦੀ ਨਹੀਂ
ਪ੍ਰਵਾਨਾ ਕੁੱਲੀ ਦਾ ਦੀਵਾ ਹੈ
ਸ਼ਮਾਂ ਮਿਸ਼ਾਲ ਮਹਿਲਾਂ ਦੀ ਹੈ
ਮੇਰਾ ਧਰਮ ਉੱਚਾ ਹੈ

ਤੇਰਾ ਧਰਮ ਨੀਵਾਂ ਹੈ
ਮੇਰਾ ਅੱਲ੍ਹਾ ਤੇਰੇ ਰੱਬ
ਤੋਂ ਵਡੇਰਾ ਹੈ
ਮੇਰਾ ਰੱਬ ਰੌਸ਼ਨ ਹੈ
ਤੇਰਾ ਅੱਲ੍ਹਾ ਹਨ੍ਹੇਰਾ ਹੈ
ਇਹ ਧਰਮ ਹੈ
ਧਰਮ ਲਈ
ਖ਼ੁਸ਼ਬੂ ਦੁਆਲੇ ਪੱਥਰ
ਧਰੋ
ਰੌਸ਼ਨੀ ਨੂੰ ਕੈਦ ਕਰੋ
ਪ੍ਰਵਾਨੇ ਦਾ ਸਿਰ
ਧੜ ਤੋਂ ਵੱਖਰਾ ਕਰੋ
ਧਰਮ ਦੀ ਹੈ ਅੱਗ ਨੇ
ਸਭ ਕੁੱਝ ਸਾੜਿਆ
ਖ਼ੁਸ਼ਬੂ ਰੌਸ਼ਨੀ ਤੇ ਪ੍ਰਵਾਨੇ ਨੂੰ
ਧਰਮ ਨੇ ਸੂਲੀ ਤੇ ਚਾੜ੍ਹਿਆ
ਧਰਮ ਦੀ ਕਰਨੀ
ਫੁੱਲ ਜ਼ਰ ਨਹੀਂ ਸਕਿਆ
ਇਕ ਘੁੱਟ ਜੀਵਨ ਦਾ
ਭਰ ਨਹੀਂ ਸਕਿਆ
ਫੁੱਲ ਦੀਆਂ ਅੱਖ੍ਹਾਂ ਚੋਂ
ਅੱਥਰੂ ਡੁੱਲ ਗਏ

ਫੁੱਲ ਦੇ ਚਿਹਰੇ ਤੇ
ਇਨਸਾਨੀਅਤ ਦੇ ਜ਼ਖ਼ਮ
ਦਾਗ਼ ਬਣਕੇ ਉੱਗ ਪਏ

-0-

ਇਨਸਾਨ ਦੀ ਦੁਨੀਆਂ 'ਚ
ਇਨਸਾਨੀਅਤ ਸੂਲੀ ਚੜ੍ਹੀ
ਪ੍ਰਵਾਨਾ ਖ਼ੁਸ਼ਬੂ ਤੇ ਰੌਸ਼ਨੀ
ਸੜੀ
ਭੀੜ ਦੀ ਅੱਖ 'ਚ
ਇਹ ਸਭ ਕੁੱਝ ਵਾਪਰਿਆ
ਭੀੜ ਦੀ ਅੱਖ ਨੇ
ਨਾ ਇਕ ਵੀ ਅੱਥਰੂ ਡੋਲ੍ਹਿਆ
ਇਹ ਵੀ ਇਨਸਾਨ
ਨਾ ਇਨਸਾਨਾਂ ਚੋਂ ਬੋਲਿਆ
ਇਨਸਾਨੀਅਤ ਦਾ ਸਿਵਾ
ਇਨਸਾਨ ਦੇ ਹੱਥਾਂ ਤੇ ਬਲ ਗਿਆ
ਬਲਦੇ ਸਿਵੇ ਵੱਲ
ਇਨਸਾਨ ਕੰਡ ਕਰ ਗਿਆ
ਇਨਸਾਨ ਦਾ ਇਹ ਰੂਪ
ਫੁੱਲ ਤੋਂ ਨਾ ਤੱਕਿਆ ਗਿਆ
ਫੁੱਲ ਦੇ ਪਿੰਡੇ ਭਾਂਬੜ ਮਚ ਗਿਆ

-0-

ਫੁੱਲ ਨੇ ਆਪਣੀ ਕੋਮਲਤਾ
ਰੰਗ ਰੂਪ ਤਿਆਗਿਆ
ਕਮਰ ਕੱਸੇ
ਸਿਰ ਤਲੀ ਤੇ ਧਰ ਲਿਆ
ਮੈਦਾਨੇ-ਜੰਗ 'ਚ ਆ ਗਿਆ
ਤਲਵਾਰ ਪਕੜੀ
ਲੋਹੇ ਦਾ ਜ਼ਰਾ-ਬਖ਼ਤਰ
ਪਹਿਨਿਆ
ਤੇ ਜ਼ੁਲਮ ਦੇ ਖ਼ਿਲਾਫ਼
ਲੜਣ ਲਈ
ਸਮੇਂ ਦੇ ਸਾਵੇਂ ਖਲੋ ਗਿਆ

----

## ਖ਼ੁਸ਼ਬੂ ਦਾ ਬਦਨ

ਮੈਂ ਤੋਤਲੇ ਬੋਲ
ਹਾਸੇ ਹੰਝੂ ਰੰਗ ਖ਼ੁਸ਼ਬੂਆਂ
ਫੁੱਲ ਕਲੀਆਂ
ਆਪਣੇ ਮੌਸਮ ਬਹਾਰਾਂ
ਰੁੱਤਾਂ
ਸਭ ਉਸਦੇ ਹਵਾਲੇ ਕਰ
ਦਿੱਤੇ ਹਨ
ਨੀਂਦਰ ਸੱਚ ਸੁਫ਼ਨੇ
ਸੁੰਦਰਤਾ
ਸਭ ਬੱਦਲਾਂ 'ਚ ਧਰ ਦਿੱਤੇ ਹਨ
ਬੱਦਲ ਅੰਬਰ ਤੇ ਛਾ ਗਏ
ਹਨ
ਮੈਂ ਚਾਹੁੰਦਾ ਹਾਂ
ਇਸ ਮੌਸਮ ਦੀ ਬਰਖ਼ਾ
ਤੂੰ ਆਪਣੇ ਨੰਗੇ ਬਦਨ ਤੇ
ਬਰਸਾਏਂ
ਆਪਣੇ ਬਦਨ ਚੋਂ
ਮੇਰੀ ਖ਼ੁਸ਼ਬੂ ਹੰਢਾਏਂ

-0-

ਮੇਰੀ ਤਰ੍ਹਾਂ ਹੀ

ਤੂੰ ਆਪਣਾ ਆਪਾ
ਸਾਰੀ ਕਾਇਨਾਤ 'ਚ ਘੋਲ ਦੇਵੇਂ
ਸਾਗਰਾਂ ਪਰਬਤਾਂ ਜੰਗਲਾਂ
ਚਸ਼ਮਿਆਂ ਝਰਨਿਆਂ 'ਚ
ਡੋਲ੍ਹ ਦੇਵੇਂ

-0-

ਮੈਂ ਆਪਣੀ ਹਸਤੀ
ਮਿਟਾ ਮਿੱਟੀ ਹੋ ਜਾਂਵਾਂਗਾ
ਤੇਰਾ ਘੋਲਿਆਂ ਤੇ ਡੋਲ੍ਹਿਆ
ਆਪਣੀ ਮਿੱਟੀ ਚੋਂ
ਉੱਗਾਵਾਂਗਾ
ਤੇਰਾ ਰੂਪ ਹੋ ਜਾਵਾਂਗਾ
ਤੇਰੇ ਅੰਗ ਨਕਸ਼ ਬਦਨ
ਤੇ ਚਿਹਰਾ ਕਹਾਵਾਂਗਾ

-0-

ਫਿਰ
ਜਦ ਤੇਰੇ ਬਦਨ ਚੋਂ
ਮੇਰੀ ਖ਼ੁਸ਼ਬੂ ਆਏਗੀ
ਮੇਰੀ ਸਿਰਜਣਾ ਕਹਾਏਗੀ
ਮੈਂ ਸਿਰਜਣਾ 'ਚ

ਉਤਰ ਜਾਵਾਂਗਾ
ਸਿਰਜਣਾ ਮੇਰੇ 'ਚ
ਉਤਰ ਜਾਵੇਗੀ
ਖ਼ੁਸ਼ਬੂ ਚੋਂ ਜਿਸਮ
ਜਿਸਮ ਚੋਂ ਖ਼ੁਸ਼ਬੂ
ਆਵੇਗੀ

–0–

ਜਿਸਮ ਖ਼ੁਸ਼ਬੂ
ਖ਼ੁਸ਼ਬੂ ਜਿਸਮ ਹੋ ਜਾਵੇਗਾ
ਮੇਰੀ ਖ਼ੁਸ਼ਬੂ ਦੀ
ਤੇਰੇ ਜਿਸਮ ਦੀ
ਪਹਿਚਾਣ ਮਿਟ ਜਾਵੇਗੀ
ਨੂਰ ਦਾ ਨੂਰ
ਨਜ਼ਰ ਆਵੇਗਾ
ਜਿਸਦਾ ਕੋਈ ਰੰਗ ਨਹੀਂ
ਰੂਪ ਨਹੀਂ
ਚਿਹਰਾ ਨਹੀਂ ਵਜੂਦ ਨਹੀਂ
ਹੱਦ ਨਹੀਂ ਹਦੂਦ ਨਹੀਂ
ਜੋ ਸੱਚ ਸੁੰਦਰਤਾ ਤੇ ਕਲਿਆਣ ਹੈ
ਜੋ ਤੇਰੀ ਤੇ ਮੇਰੀ ਪਹਿਚਾਣ ਹੈ

––––

## ਅਹਸਤੀ

ਮੈਂ ਜ਼ਰੇ 'ਚ ਢਲਿਆ
ਤੇ ਪਰਬਤ ਹੋ ਗਿਆ
ਜ਼ਹਿਰ ਪੀ ਕੇ
ਜ਼ਿੰਦਗੀ ਦਾ ਅੰਮ੍ਰਿਤ ਹੋ
ਗਿਆ
ਕਤਰਾ ਬਣਿਆ
ਤਾਂ ਸਾਗਰ ਹੋ ਗਿਆ
ਰੇਤ ਦੇ ਜ਼ਰੇ 'ਚ ਉਤਰਿਆ
ਸਹਿਰਾ ਹੋ ਗਿਆ
ਰੁੱਖ ਬਣ ਉੱਗਿਆ
ਤੇ ਜੰਗਲ਼ ਹੋ ਗਿਆ
ਬੀਜ ਬਣ ਮਿੱਟੀ 'ਚ ਰਲਿਆ
ਤਾਂ ਕੁਦਰਤ ਹੋ ਗਿਆ
ਘਾਹ ਬਣ ਵਿਛਿਆ
ਤੇ ਅੰਬਰ ਹੋ ਗਿਆ

-0-

ਆਪਣੀ ਹਸਤੀ
ਮਿਟਾਉਂਦਾ ਹੀ ਗਿਆ
ਹਸਤੀਆਂ ਦੀ ਹਸਤੀ
ਪਾਉਂਦਾ ਹੀ ਗਿਆ

ਖ਼ਾਕ
ਖਲਕ ਦੇ ਪੈਰਾਂ ਦੀ
ਹੋਇਆ ਜਦੋਂ
ਥਾਲ੍ਹ ਗਗਨ ਦਾ ਛੋਹਿਆ
ਤਦੋਂ
ਜਿਉਂਦੇ ਜੀਅ ਹੀ
ਮੋਇਆ ਜਦੋਂ
ਨੂਰ ਮਨੁੱਖ ਦੇ ਮੱਥੇ ਦਾ
ਹੋਇਆ ਤਦੋਂ

-0-

ਮਨੁੱਖ ਤੋਂ
ਮਨੁੱਖਤਾ 'ਚ ਫੈਲਦਾ ਗਿਆ
ਮਨੁੱਖੀ ਜੋਤ ਤੋਂ
ਮਨੁੱਖਤਾ ਦੀ ਜੋਤ ਹੋ ਗਿਆ
ਮਨੁੱਖਤਾ ਦੀ ਜੋਤ
ਵਿਸ਼ਵ ਦੇ ਕਣ ਕਣ 'ਚ
ਸਮਾ ਗਈ
ਹਸਤੀ ਤੋਂ ਅਹਸਤੀ ਹੋਏ
ਇਕ ਮਿੱਟੀ ਦੇ ਜ਼ਰੇ ਨੂੰ
ਬ੍ਰਹਿਮੰਡਾਂ ਦਾ ਖ਼ੁਦਾ ਬਣਾ ਗਈ

----

## ਆਸਰਾ

ਹੁਣ ਤੇਰਾ ਸੰਗ ਹੋਣਾ
ਨਾ ਹੋਣਾ
ਅਰਥਹੀਣ ਹੈ
ਸਿਰ ਤੇ ਸੜਦਾ
ਆਸਮਾਂ
ਪੈਰਾਂ 'ਚ
ਤਿੜਕੀ ਜ਼ਮੀਨ ਹੈ

-0-

ਸਹਿਰਾ ਦੀ ਤੱਪਸ਼ 'ਚ
ਸਾਇਆ ਵੀ
ਸਾਥ ਦੇਹ ਦਾ ਛੱਡ ਗਿਆ
ਹੁਣ ਰੁੱਖਾਂ ਦੀ ਛਾਂ
ਹੋਣਾ ਅਰਥਹੀਣ ਹੈ
ਬੱਦਲਾਂ ਦੀ ਛਾਂ ਹੋਣਾ
ਅਰਥਹੀਣ ਹੈ
ਹੁਣ ਤਾਂ ਸਿਰ ਦਾ ਸੂਰਜ
ਹੀ ਰੁੱਖ ਹੈ
ਸਹਿਰਾ ਹੀ
ਸਾਗਰ ਦਾ ਸੁੱਖ ਹੈ

-0-

ਕਿਸੇ ਦਾ ਸਾਥ
ਆਪਣੇ ਆਪ 'ਚ

ਕਮਜ਼ੋਰੀ ਦਾ ਅਹਿਸਾਸ ਹੈ
ਆਸਰਾ
ਹੀਣਭਾਵਨਾ ਜਨਮਦਾ ਹੈ
ਸਵੈ ਸ਼ਕਤੀ ਨੂੰ
ਦੀਮਕ ਵਾਂਗ ਲੱਗਦਾ ਹੈ

-0-

ਵਗਦੀਆਂ ਹਨ੍ਹੇਰੀਆਂ
ਝੱਖੜਾਂ ਤੂਫ਼ਾਨਾਂ 'ਚ
ਰੁੱਖਾਂ ਨੂੰ
ਕਿਹੜਾ ਆਸਰਾ ਹੈ
ਸਵੈ ਸ਼ਕਤੀ ਦੇ ਆਸਰੇ
ਝੱਖੜਾਂ ਹਨ੍ਹੇਰੀਆਂ ਤੂਫ਼ਾਨਾਂ
ਨਾਲ ਲੜਦੇ ਹਨ
ਲਿਫਦੇ ਹਨ
ਤਾਂ ਜਿਉਣਾ ਸਿੱਖਦੇ ਹਨ
ਖੜ੍ਹੇ ਰਹਿ ਕੇ ਜੜ੍ਹੋਂ ਉਖੜਦੇ ਹਨ
ਤਾਂ ਮਰਨਾ
ਸਿੱਖਦੇ ਹਨ

-0-

ਮਰਨ ਜਿਉਣ ਦਾ
ਅਹਿਸਾਸ

ਬਿਨ ਆਸਰੇ
ਆਪਣੇ ਆਪ ਤੇ
ਹੰਢਾਉਂਦੇ ਹਨ
ਇਹ ਰੁੱਖ ਹੀ ਹਨ
ਜੋ ਜਿਉਂਦੇ ਜੀਅ
ਆਪਣਾ ਸੱਚ ਪਾਉਂਦੇ ਹਨ
ਬਿਨ ਆਸਰੇ
ਜੀਵਨ ਗੁਜ਼ਾਰਦੇ ਹਨ
ਛਾਵਾਂ ਜਨਮਦੇ ਹਨ
ਸਿਰ ਤੇ ਪਿਘਲਦਾ
ਸੂਰਜ ਸਹਾਰਦੇ ਹਨ

-0-

ਬੇੜੀ ਤੇ ਤਰਨਾ
ਦਰਿਆ ਤਰਨਾ ਨਹੀਂ ਹੁੰਦਾ
ਜਲ ਦੇ ਪਿੰਡੇ ਚੋਂ
ਗੁਜ਼ਰਨਾ ਨਹੀਂ ਹੁੰਦਾ
ਜਲ ਦਾ ਪਿੰਡਾ ਹੰਢਾਉਣਾ
ਨਹੀਂ ਹੁੰਦਾ
ਦਰਿਆ ਤੇ ਫ਼ਤਹਿ
ਪਾਉਣਾ ਨਹੀਂ ਹੁੰਦਾ
ਤਰਨ ਦਾ ਭਰਮ
ਪਾਲਣਾ ਹੁੰਦਾ ਹੈ

ਬੇੜੀ ਤੇ
ਦਰਿਆ ਤਰਨਾ
ਕਿਨਾਰੇ ਤੇ
ਡੁੱਬਣ ਬਰਾਬਰ ਹੁੰਦਾ ਹੈ

-0-

ਬੇੜੀ ਤੇ ਮਨੁੱਖ ਨਹੀਂ
ਮਨੁੱਖ ਦਾ ਮੁਰਦਾ
ਅਹਿਸਾਸ ਤਰਦਾ ਹੈ
ਜੋ ਦਰਿਆ ਦੇ
ਇਕ ਕਿਨਾਰੇ ਤੋਂ ਦੂਜੇ
ਤੱਕ ਅੱਪੜਦਾ ਹੈ
ਦਰਿਆ ਦੀਆਂ ਬੂੰਦਾਂ ਜਿੰਨੀ
ਡੁੱਬਣ ਦੀ ਮੌਤ ਮਰਦਾ ਹੈ

-0-

ਆਸਰਾ ਤਾਂ ਰੱਬ ਦਾ ਵੀ
ਮਨੁੱਖ ਨੂੰ ਆਜ਼ਾਦ ਰੂਪ 'ਚ
ਜ਼ਿੰਦਗੀ ਦੀ ਨੰਗੀ ਤਲੀ
ਤੇ ਤੁਰਨ ਨਹੀਂ ਦਿੰਦਾ
ਆਪਣੀ ਮਰਜ਼ੀ ਨਾਲ
ਭੁਰਨ ਨਹੀਂ ਦਿੰਦਾ
ਜੁੜਨ ਨਹੀਂ ਦਿੰਦਾ

-0-

ਆਸਰੇ ਦੇ ਸਾਏ ਹੇਠ
ਮਨੁੱਖ ਅਪਾਹਜ ਹੁੰਦਾ ਹੈ
ਨਾ ਉਸਦਾ
ਆਪਣਾ ਹਸ਼ਰ ਹੁੰਦਾ ਹੈ
ਨਾ ਆਪਣਾ ਆਗਾਜ਼
ਹੁੰਦਾ ਹੈ
ਉਸ ਨੂੰ
ਨਾ ਰਾਹ ਸਵੀਕਾਰਦਾ ਹੈ
ਨਾ ਮੰਜ਼ਿਲ ਸਵੀਕਾਰਦੀ ਹੈ
ਨਾ ਜ਼ਿੰਦਗੀ
ਉਸ 'ਚ ਉਤਰਦੀ ਹੈ
ਨਾ ਉਸਨੂੰ ਜ਼ਿੰਦਗੀ
ਆਪਣੇ 'ਚ ਉਤਾਰਦੀ ਹੈ

-0-

ਆਸਰਾ ਮਰਨ ਬਰਾਬਰ ਹੈ
ਜ਼ਿੰਦਗੀ 'ਚ
ਕਬਰਾਂ ਧਰਨ ਬਰਾਬਰ ਹੈ
ਆਸਰਾ
ਪੁੰਗਰਦੇ ਬੀਜ ਤੇ
ਤਪਦਾ ਲੋਹਾ ਠਾਰਨਾ ਹੈ
ਆਸਰਾ

ਮਨੁੱਖ ਦੀ ਜੀਵਨ ਗਤੀ
ਨੂੰ ਮਾਰਨਾ ਹੈ
ਆਸਰਾ
ਸ਼ਕਤੀਹੀਣਤਾ ਦਾ ਸਬੂਤ ਹੈ
ਆਸਰਾ
ਵਿਜੈ ਦਾ ਪ੍ਰਤੀਕ ਨਹੀਂ
ਸਿਖ਼ੱਸ਼ਤ ਦਾ ਵਜ਼ੂਦ ਹੈ
ਆਸਰੇ ਦੀ ਭਾਲ
ਜਿਸ 'ਚ ਮੌਜ਼ੂਦ ਹੈ
ਉਹ ਜ਼ਿੰਦਗੀ ਦਾ ਮੁਜੱਸਮਾ ਨਹੀਂ
ਸ਼ਮਸ਼ਾਨ ਹੈ ਬੇਨੂਰ ਹੈ

----

## ਅਨੁਭਵ

ਦੁਨੀਆਂ ਦੇ ਵੇਦਾਂ ਗ੍ਰੰਥਾਂ
ਸ਼ਾਸਤਰਾਂ ਨੇ
ਜੋ ਵੀ ਕਿਹਾ ਹੈ
ਉਸ ਤੋਂ ਇਲਾਵਾ
ਬੜਾ ਕੁੱਝ ਕਹਿਣ ਲਈ
ਬਾਕੀ ਪਿਆ ਹੈ
ਜੋ ਵੀ ਸਫ਼ਰ
ਇਨ੍ਹਾਂ ਮੁਕਾਇਆ ਹੈ
ਉਸ ਸਫ਼ਰ ਦਾ
ਅਸਲ ਸੱਚ ਅਜੇ
ਬਕਾਇਆ ਹੈ

-0-

ਇਹ ਰਾਹ ਹਨ
ਜੋ ਉਸ ਰੌਸ਼ਨੀ ਦੇ
ਦੁਆਰ ਤਕ ਜਾਂਦੇ ਹਨ
ਉਸ ਰੌਸ਼ਨੀ ਦਾ
ਨਾ ਮਾਤਰ ਵਜ਼ੂਦ ਤੇ
ਜਲਵਾ ਵਿਖਾਉਂਦੇ ਹਨ
ਇਹ ਚਿਰਾਗਾਂ ਦੀ

ਉਹ ਲੋਅ ਹਨ
ਜੋ ਗਿਣਤੀ ਰਹਿਤ ਸੂਰਜਾਂ
ਦੇ ਤੇਜ਼ ਦੀ ਬਾਤ
ਪਾਉਂਦੇ ਹਨ

-0-

ਜੋ ਕਿਹਾ ਗਿਆ ਹੈ
ਉਸ ਨੇ ਭਾਸ਼ਾ ਦੇ ਬਸਤਰ
ਪਹਿਨੇ ਹਨ
ਜੋ ਬਾਕੀ ਰਿਹਾ ਹੈ
ਉਹ ਅਨੁਭਵ ਦੇ ਸਾਗਰ
ਦੇ ਸਾਗਰ 'ਚ
ਅਕਾਰ ਰਹਿਤ ਪਿਆ ਹੈ
ਜੋ ਚੇਤਨਾ ਦੀਆਂ
ਕਿਰਨਾਂ ਰਾਹੀਂ
ਅਨੁਭਵ 'ਚ
ਉਤਾਰਿਆ ਗਿਆ ਹੈ
ਅਨੁਭਵ 'ਚ
ਸਹਿਕਾਰਿਆ ਗਿਆ ਹੈ
ਜੋ ਅਲਿਖਿਆ ਹੈ
ਅਕੱਥਿਆ ਹੈ
ਅਨੁਭਵ ਦੇ ਰੰਗ 'ਚ ਹੀ

ਰੰਗਿਆ ਹੈ
ਜੋ ਅੱਖਰਾਂ 'ਚ ਸਮਾਂ
ਨਹੀਂ ਸਕਦਾ
ਅੱਖਰ ਅਨੁਭਵ ਦੀ
ਅਸੀਮਤਾ
ਪ੍ਰਗਟਾ ਨਹੀਂ ਸਕਦਾ

-0-

ਦੁਨੀਆਂ ਦੇ ਵੇਦਾਂ
ਗ੍ਰੰਥਾਂ ਸ਼ਾਸਤਰਾਂ ਦੇ ਰਾਹ
ਤੇ ਵੀ
ਮਨੁੱਖ ਨਹੀਂ ਤੁਰਦਾ
ਸਿਰਫ਼ ਅਨੁਭਵ ਤੁਰਦਾ ਹੈ
ਗ੍ਰੰਥ ਵੇਦ ਸ਼ਾਸਤਰ
ਬਾਹਾਂ ਖੋਲ੍ਹ ਕੇ
ਸਿਰਫ਼ ਅਨੁਭਵ ਨੂੰ ਹੀ
ਪੁਕਾਰਦੇ ਹਨ

-0-

ਅਨੁਭਵ ਨੂੰ ਹੀ
ਰੌਸ਼ਨੀ ਦੇ ਦਰ ਤੇ
ਉਤਾਰਦੇ ਹਨ

ਉਸ ਅਕਾਲ ਪੁਰਖ
ਦੇ ਦਰ ਤੋਂ ਅਗੇਰੇ
ਅਨੁਭਵ ਤੋਂ ਸਿਵਾ
ਕੋਈ ਵੀ ਵੇਦ ਗ੍ਰੰਥ
ਸ਼ਾਸਤਰ ਜਾ ਨਹੀਂ ਸਕਦਾ
ਉਸ ਨੂਰ ਦਾ ਜਲਵਾ
ਅਨੁਭਵ ਤੋਂ ਬਿਨਾਂ
ਕੋਈ ਹੰਢਾ
ਨਹੀਂ ਸਕਦਾ

-0-

ਅਨੁਭਵ ਲਈ
ਸ਼ਬਦਾਂ ਦੇ ਦਰ ਸੌੜੇ
ਹਨ
ਅਰਥਾਂ ਦੇ ਅਕਾਰ ਭੀੜੇ
ਹਨ
ਅਨੁਭਵ ਦੇ ਸੰਕਲਪ 'ਚ
ਉਸ ਅੱਲ੍ਹਾ ਦਾ
ਸਾਖ਼ਸ਼ਾਤ ਰੂਪ ਮੌਜੂਦ ਹੈ
ਉਸਦੇ ਨੈਣ ਨਖ਼ਸ਼ ਅੰਗ
ਚਿਹਰਾ ਵਜੂਦ ਹੈ
ਅਨੁਭਵ 'ਚ

ਉਸਦੀ ਪਹਿਚਾਣ ਹੈ
ਉਸਦੀ ਹੋਂਦ ਦੇ ਸੱਚ
ਦੀ ਸਿਆਣ ਹੈ
ਅਨੁਭਵ ਜਦ
ਉਸਦੇ ਜਿੱਡਾ ਉੱਚੇਰਾ
ਹੋ ਗਿਆ
ਅਨੁਭਵ ਦੇ ਸਾਗਰ 'ਚ
ਉਸ ਨੂਰ ਦੇ ਸਾਗਰ ਦੇ
ਸਾਗਰਾਂ ਦਾ ਡੇਰਾ ਹੋ
ਗਿਆ
ਅਨੁਭਵ ਹੀ
ਰਾਮ ਕ੍ਰਿਸ਼ਨ ਬੁੱਧ
ਨਾਨਕ ਈਸਾ ਦਾ ਨਾਮ ਹੈ
ਅਨੁਭਵ ਹੀ
ਮਨੁੱਖ ਦੇ ਰੂਪ 'ਚ
ਰੱਬ ਦੀ ਪਹਿਚਾਣ ਹੈ

-0-

ਗੁਰਬਾਣੀ ਦਾ
ਖ਼ੁਦ ਇਹ ਫ਼ੁਰਮਾਨ ਹੈ
ਕਿ ਸਾਧ ਦੀ ਮਹਿਮਾਂ ਤੋਂ

ਗ੍ਰੰਥ ਅਣਜਾਣ ਹੈ
ਗ੍ਰੰਥ ਦੀ ਮਹਿਮਾਂ
ਸਾਧ ਦਾ ਵਿਖਿਆਨ ਹੈ
ਗ੍ਰੰਥ ਦੀ ਭਾਸ਼ਾ ਦੇ
ਖੋਲ੍ਹ 'ਚ
ਅਨੁਭਵ ਦੀ ਹੱਦ ਹੈ
ਹਦੂਦ ਹੈ
ਪਰ ਸਾਧ ਦੀ ਦੇਹ 'ਚ
ਹੋਂਦ ਰਹਿਤ ਅਨੁਭਵ ਦਾ
ਜਿਉਂਦਾ ਜਾਗਦਾ
ਵਜ਼ੂਦ ਹੈ

-0-

ਦੁਨੀਆਂ ਦੇ ਵੇਦਾਂ ਗ੍ਰੰਥਾਂ
ਸ਼ਾਸਤਰਾਂ ਜੋ ਵੀ ਕਿਹਾ ਹੈ
ਉਸ ਤੋਂ ਇਲਾਵਾ
ਬੜਾ ਕੁੱਝ ਕਹਿਣ ਲਈ
ਬਾਕੀ ਪਿਆ ਹੈ
ਜੋ ਵੀ ਸਫ਼ਰ
ਇਨ੍ਹਾਂ ਮੁਕਾਇਆ ਹੈ
ਉਸ ਸਫ਼ਰ ਦਾ ਅਸਲ ਸੱਚ
ਅਜੇ ਬਕਾਇਆ ਹੈ

----

## ਫ਼ਜ਼ੂਲ

ਜੋ ਕੁੱਝ ਬੋਲਦਾ ਸੁਣਦਾ
ਜਾਣਦਾ ਬੁੱਝਦਾ ਹਾਂ
ਵੇਖਦਾ ਭਾਲਦਾ
ਸਪਰਸ਼ ਕਰਦਾ ਹਾਂ
ਸਭ ਕੁੱਝ
ਵਿਸਰ ਗਿਆ ਹਾਂ
ਕਿਉਂਕਿ
ਇਹ ਸਭ ਕੁੱਝ ਹੀ
ਮੇਰੀ ਕਾਰਜ ਪ੍ਰਣਾਲੀ ਤੇ
ਵਿਚਰਨ ਧਰਾਤਲ ਦੇ
ਅਨੁਕੂਲ ਨਹੀਂ
ਇਸਦਾ ਵਿਸਰਨਾ
ਹੀ ਲਾਜ਼ਮੀ ਹੈ

-0-

ਜੇ ਮੈਂ
ਇਹ ਸਭ ਕੁੱਝ
ਜੋ ਫ਼ਜ਼ੂਲ ਹੈ
ਇਸਨੂੰ ਯਾਦ ਰੱਖਦਾ ਹਾਂ
ਆਪਣੇ
ਆਪ 'ਚ ਉਤਾਰਦਾ ਹਾਂ

ਤਾਂ ਇਸ ਫ਼ਜ਼ੂਲ ਦਾ ਸੱਚ
ਮੇਰੇ ਲਹੂ 'ਚ ਫੈਲੇਗਾ
ਮੇਰੀ ਨਸ ਨਸ 'ਚ
ਵਿਚਰੇਗਾ
ਤਾਂ ਇਸਦੇ ਇਵਜ਼ 'ਚ
ਮੈਨੂੰ ਮੇਰਾ ਸੱਚ
ਮੇਰਾ ਆਪਾ ਵਿਸਰ ਜਾਏਗਾ
ਕਿਉਂਕਿ
ਜੋ ਫ਼ਜ਼ੂਲ ਹੈ
ਮੇਰੇ ਸਿਰ ਤੋਂ ਪੈਰਾਂ ਤੱਕ
ਮੇਰੇ 'ਚ ਪਸਰ ਜਾਏਗਾ

-0-

ਮੈਂ
ਜੋ ਬੋਲਦਾ ਹਾਂ
ਮੈਨੂੰ ਆਪਣੇ ਆਪ ਤੋਂ
ਦੂਰ ਕਰਦਾ ਹੈ
ਮੈਂ ਜੋ ਸੁਣਦਾ ਹਾਂ
ਮੈਨੂੰ ਮੇਰਾ ਆਪਾ ਭੁਲਾਉਂਦਾ ਹੈ
ਮੈਂ ਜੋ ਵੇਖਦਾ ਹਾਂ
ਉਹ ਮੈਨੂੰ
ਆਪਣੇ ਆਪ 'ਚ ਗਿਰਾਉਂਦਾ ਹੈ

ਮੈਂ ਜੋ ਸਪਰਸ਼
ਕਰਦਾ ਹਾਂ
ਉਸ 'ਚ
ਮੈਨੂੰ ਮੇਰਾ ਕੁੱਝ ਵੀ ਨਾ
ਨਜ਼ਰ ਆਉਂਦਾ ਹੈ

-0-

ਜੇ ਮੇਰੇ ਪੱਤਿਆਂ
ਫੁੱਲਾਂ ਫਲਾਂ ਛਾਵਾਂ ਟਹਿਣੀਆਂ
ਨੇ ਹੀ
ਮੈਨੂੰ ਜੜ੍ਹ ਤੋਂ ਉਖਾੜਣਾ ਹੈ
ਤਾਂ ਮੈਂ
ਕਿਉਂ ਇਨ੍ਹਾਂ ਨੂੰ
ਆਪਣੇ ਚੋਂ ਜਨਮਨਾ ਹੈ
ਕਿਉਂ
ਇਨ੍ਹਾਂ 'ਚ ਉਤਰਨਾ ਹੈ
ਕਿਉ
ਇਨ੍ਹਾਂ ਨੂੰ ਆਪਣੇ 'ਚ
ਉਤਾਰਨਾ ਹੈ
ਜੋ ਹਵਾ
ਮੈਨੂੰ ਪ੍ਰਾਣ ਨਹੀਂ ਦਿੰਦੀ
ਜੋ ਅੱਗਣ

ਮੈਨੂੰ ਨਿੱਘ ਨਹੀਂ ਦਿੰਦੀ
ਜੋ ਜਲ ਮੇਰੀ
ਪਿਆਸ ਨਹੀਂ ਬੁਝਾਉਂਦਾ
ਜੋ ਧਰਤ ਸੁਗੰਧਹੀਣ ਹੈ
ਜੋ ਅਕਾਸ਼ ਸ਼ਬਦ ਰਹਿਤ ਹੈ
ਮੈਂ
ਇਨ੍ਹਾਂ ਦਾ ਸਿਰਜਿਆ
ਜਿਸਮ
ਕੀ ਕਰਨਾ ਹੈ
ਇਹ ਤਾਂ ਜੀਵਨ ਸਾਗਰ
ਤਰਨ ਤੋਂ ਪਹਿਲਾਂ ਹੀ
ਆਪਣੇ ਗਲ 'ਚ
ਪੱਥਰ ਬੰਨਣਾ ਹੈ
ਪਾਣੀ ਬਿਨਾਂ
ਸਹਿਰਾ 'ਚ ਡੁੱਬਣਾ ਹੈ

-0-

ਜੇ
ਮੈਂ ਜਿਉਣਾ ਹੈ
ਤਾਂ ਇਹ ਜੋ ਫ਼ਜ਼ੂਲ ਹੈ
ਇਸਨੂੰ ਬਦਲਣਾ ਪਵੇਗਾ
ਇਸਦੀ ਥਾਂ ਤੇ ਜ਼ਰੂਰਤਵੰਦ

ਜਿਵੇਂ ਜੀਵਨ ਲਈ
ਪ੍ਰਾਣ ਹੈ
ਅਗਤੀ ਲਈ ਗਤੀ ਹੈ
ਹਨ੍ਹੇਰ ਲਈ ਚਾਨਣ ਹੈ
ਚੁੱਪ ਲਈ ਬੋਲ
ਇਕਾਂਤ ਲਈ ਰੌਣਕ ਹੈ
ਜੀਵਨ ਲਈ ਮੌਤ ਹੈ
ਇਹ ਸੱਚ
ਮੇਰੇ ਵਿਚਰਨ ਤੇ ਦੁਨੀਆਂ
ਦੇ ਰੰਗ ਮੰਚ ਤੇ
ਮੇਰੇ ਦੁਆਲੇ ਧਰਨਾ
ਪਵੇਗਾ
ਨਹੀਂ ਤਾਂ ਰੁੱਖ ਨੂੰ
ਬੀਜ 'ਚ ਹੀ ਮਰਨਾ ਪਵੇਗਾ
ਕਿਉਂਕਿ
ਫ਼ਜ਼ੂਲ ਲਈ
ਆਪਣਾ ਆਪ ਸੂਲੀ
ਚੜ੍ਹਾਇਆ ਜਾ ਨਹੀਂ ਸਕਦਾ
ਆਪਣਾ ਸੱਚ
ਭੁਲਾਇਆ ਜਾ ਨਹੀਂ ਸਕਦਾ
ਅਮੁੱਲਾ ਜਨਮ ਗੁਵਾਇਆ
ਜਾ ਨਹੀਂ ਸਕਦਾ

----

## ਗਧਾ

ਗਧਾ
ਸੰਸਦ ਵੱਲ ਮੂੰਹ ਕਰਕੇ
ਹਿਣਕਦਾ ਹੈ
ਲੋਕਾਂ ਵੱਲ ਪਿੱਠ ਕਰਕੇ
ਲਿੱਦ ਕਰਦਾ ਹੈ
ਜਦ ਔੜਾਂ ਦੀ ਮਾਰੀ
ਧਰਤੀ ਤਰਸਦੀ ਹੈ
ਗਧਾ ਮੂਤਦਾ ਹੈ
ਹੜ੍ਹਾਂ 'ਚ ਸਾਰਾ ਭਾਰਤ
ਵਰਸ਼ ਰੁੜ੍ਹ ਜਾਂਦਾ ਹੈ

-0-

ਪਿੰਡਾਂ ਦੇ ਪਿੰਡ ਡੁੱਬ
ਜਾਂਦੇ ਹਨ
ਲੱਖਾਂ ਏਕੜ ਅੰਨ੍ਹ ਤਬਾਹ
ਹੁੰਦਾ ਹੈ
ਲੋਕਾਂ ਦੀਆਂ ਲਾਸ਼ਾਂ
ਮੂਤ ਦੀ ਝੱਗ 'ਚ ਤਰਦੀਆਂ ਹਨ
ਤੇ ਕੁੱਝ ਸਿਆਸੀ ਹੱਥ
ਮੂਤ ਚੋਂ ਮੱਛੀਆਂ ਫੜਦੇ ਹਨ

ਲੋਕਾਂ ਦੇ ਘਰਾਂ ਦੀ
ਬਰਬਾਦੀ
ਰੋਣਾ ਧੋਣਾ ਸਭ
ਹਿਣਕਦੇ ਗਧੇ ਦੇ ਸ਼ੋਰ 'ਚ
ਗੁਵਾਚ ਜਾਂਦਾ ਹੈ
ਲਾਲ ਕਿਲੇ ਤੋਂ
ਕੱਚਿਆਂ ਘਰਾਂ ਦੀਆਂ
ਕੰਧਾਂ ਤਕ
ਲੋਕ ਤੰਤਰ ਚੁੱਪ ਦੀ ਲਾਸ਼
ਹੋ ਜਾਂਦਾ ਹੈ

-0-

ਗਧਾ
ਸੰਸਦ ਦੇ ਸਾਰੇ ਮੈਂਬਰਾਂ ਦਾ
ਨੇਤਾ ਹੈ
ਪਰਮ ਵੀਰ ਚੱਕਰ ਦਾ
ਵਿਜੇਤਾ ਹੈ .
ਟੱਕੇ ਸੇਰ ਖਾਜ਼ਾ
ਟੱਕੇ ਸੇਰ ਭਾਜੀ
ਇਸ ਦਾ ਫ਼ੁਰਮਾਨ ਹੈ
ਰੋਟੀ ਦੇ ਚੰਦ ਟੁਕੜਿਆਂ
ਲਈ ਤਰਸਦਾ
ਤੋਤਲਾ ਹਿੰਦੁਸਤਾਨ ਹੈ

ਰੰਡੀਆਂ ਦੇ ਕੋਠੇ ਦਾ
ਅਰਘਾ ਈਮਾਨ ਹੈ
ਸੜਕਾਂ ਤੇ ਵਿਕ ਰਹੇ ਨੇ
ਜਿਸਮ ਬੱਚਿਆਂ ਦੇ
ਸੂਲੀ ਤੇ ਲਟਕ ਰਹੇ ਨੇ
ਸਿਰ ਸੱਚਿਆਂ ਦੇ
ਇਹ ਲਾਠੀਆਂ
ਇਹ ਗੋਲੀਆਂ
ਜਿਨ੍ਹਾਂ ਤੇ ਵਰ੍ਹੀਆਂ ਨੇ
ਇਹ ਸਿਰ ਨੇ
ਇਹ ਧੜ ਨੇ
ਘਰਾਂ ਕੱਚਿਆਂ ਦੇ
ਜੋ ਸੱਤਾ ਦੇ ਪਹੀਏ ਹੇਠ
ਆ ਕੇ ਮਰ ਗਏ
ਮਹਿੰਦੀ ਸੰਗ ਰੰਗਣ ਲਈ
ਤਲੀਆਂ ਆਜ਼ਾਦੀ ਦੀਆਂ
ਸਾਗਰ ਲਹੂ ਦਾ ਤਰ ਗਏ

-0-

ਗਧਾ
ਜਦ ਵੀ ਹਿਣਕਦਾ ਹੈ
ਅਨੁਸ਼ਾਸਨ ਸ਼ਾਂਤੀ ਦੇਸ਼ਭਗਤੀ
ਏਕਤਾ
ਗਰੀਬੀ ਹਟਾਓ

ਦਾ ਪ੍ਰਚਾਰ ਕਰਦਾ ਹੈ
ਫੱਕ ਦੀ ਥਾਂ
ਛਿੱਲੇ ਬਦਾਮਾਂ ਦੀ ਫ਼ਸਲ
ਚਰਦਾ ਹੈ
ਮੁਰਦਿਆਂ ਦੇ ਦੇਸ਼ 'ਚ
ਗਧੇ ਦੇ ਹਿਣਕਣ ਸੰਗ
ਮੁਰਦੇ ਕਬਰਾਂ ਦੀ ਚੁੱਪ
ਉਦਾਸੀ ਤੋੜ ਕੇ
ਹਿਣਕਣ ਲੱਗਦੇ ਹਨ
ਮੁਰਦਿਆਂ ਨੂੰ
ਜ਼ਿੰਦਗੀ ਨਾਲ ਕੀ ਭਾਅ ਹੈ
ਗਧੇ ਤੇ
ਮੁਰਦਿਆਂ ਨੂੰ ਬਸ
ਹਿਣਕਣ ਦਾ ਚਾਅ ਹੈ

-0-

ਗਧੇ ਦਾ ਪਰਚਮ
ਝੂਲਦਾ ਹੈ
ਬੀਜਦਾ ਹੈ
ਹਿੰਦੁਸਤਾਨ ਦੇ ਲੋਕਾਂ ਦੀਆਂ
ਅੱਖਾਂ 'ਚ ਹਨ੍ਹੇਰਾ
ਟੁੱਕਦਾ ਹੈ ਲੋਕਾਂ ਦੀਆਂ ਜੀਭਾਂ

ਕੰਨਾਂ 'ਚ ਹੈ ਲੋਹਾ ਢਾਲਦਾ
ਵਰਤਨ ਦੀ ਆਬਰੂ ਤੇ ਜਵਾਨੀ
ਨੂੰ
ਸੀਖ਼ਾਂ ਪਿੱਛੇ
ਬਰਫ਼ਾਂ ਦੀਆਂ ਸਿਲ੍ਹਾ ਤੇ ਹੈ
ਠਾਰਦਾ
ਵਤਨ ਦੇ ਪ੍ਰਵਾਨਿਆਂ ਦੀ ਹੈ
ਖ਼ਲ ਉਤਾਰਦਾ
ਕੈਦੀਆਂ ਦੀਆਂ
ਗੁਪਤ ਇੰਦਰੀਆਂ 'ਚ ਹੈ
ਸਰੀਏ ਉਤਾਰਦਾ
ਕੁਰਸੀ ਤੇ ਬੈਠੇ ਰਹਿਣ
ਦੀ ਹੱਵਸ ਨੂੰ
ਲੋਕਾਂ ਦੇ ਲਹੂ 'ਚ ਠਾਰਦਾ

-0-

ਗਧਾ
ਵੰਡ ਰਿਹਾ ਹੈ
ਲੋਕਾਂ 'ਚ ਗਰੀਬੀ ਰਿਸ਼ਵਤਖੋਰੀ
ਬੇਰੁਜ਼ਗਾਰੀ
ਨਫ਼ਰਤ ਗੁਲਾਮੀ ਤੇ ਬੀਮਾਰੀ
ਲੋਕਾਂ 'ਚ
ਕਬਰਾਂ ਬੀਜਣ ਲਈ

ਗਧੇ ਨੇ
ਆਪਣੀ ਸਾਰੀ ਸ਼ਕਤੀ
ਹੈ ਲਾਈ
ਪੜ੍ਹ ਲਿਖ ਕੇ ਵੀ
ਮੁਲਕ ਦੀ ਜਵਾਨੀ
ਬੇਰੁਜ਼ਗਾਰ ਹੈ
ਬੇਰੁਜ਼ਗਾਰੀ ਸਦਕਾ ਹੀ
ਜਵਾਨੀ
ਨਸ਼ਿਆਂ ਦੇ ਹਾਲ ਹੈ
ਅੰਨ੍ਹਦਾਤਾ ਦੇਸ਼ ਦਾ
ਖ਼ੁਦਕੁਸ਼ੀ ਹੈ ਕਰ ਰਿਹਾ
ਸਿਰ ਤੇ ਤਲਵਾਰ ਨਹੀਂ
ਤਲਵਾਰ ਤੇ ਹੈ
ਸਿਰ ਧਰ ਰਿਹਾ

-0-

ਗਧਾ
ਜਦ ਵੀ ਹਿਣਕਦਾ ਹੈ
ਲੋਕ ਤੰਤਰ ਲੋਕ ਤੰਤਰ
ਪੁਕਾਰਦਾ ਹੈ
ਗਧੇ ਤੋਂ ਘੋੜਿਆਂ ਦਾ ਰੂਪ
ਧਾਰਦਾ ਹੈ
ਗਧਾ ਹੋਣ ਦਾ ਸੱਚ ਵਿਸਾਰਦਾ ਹੈ

ਲੋਕਾਂ ਦੀ ਚੁੱਪ 'ਚ ਨਹੀਂ
ਉਤਰਦਾ
ਲੋਕਾਂ ਦੀ ਚੁੱਪ 'ਚ
ਆਪਣਾ ਸ਼ੋਰ ਉਤਾਰਦਾ ਹੈ

-0-

ਗਧਾ
ਸੰਸਦ ਵੱਲ ਮੂੰਹ ਕਰਕੇ
ਹਿਣਕਦਾ ਹੈ
ਲੋਕਾਂ ਵੱਲ ਪਿੱਠ ਕਰਕੇ
ਲਿੱਦ ਕਰਦਾ ਹੈ
ਜਦ ਔੜਾਂ ਦੀ ਮਾਰੀ
ਧਰਤੀ ਤਰਸਦੀ ਹੈ
ਗਧਾ ਮੂਤਦਾ ਹੈ
ਹੜ੍ਹਾਂ 'ਚ ਸਾਰਾ ਭਾਰਤ ਵਰਸ਼
ਰੁੜ੍ਹਦਾ ਹੈ

----

## ਮੁਫ਼ਲਸੀ

ਮੇਰੇ ਸੀਨੇ 'ਚ
ਮੇਰੇ ਅੰਗਾਂ ਤੇ ਨਖ਼ਸ਼ਾਂ 'ਚ
ਮੇਰੀ ਨਸ ਨਸ 'ਚ
ਵਸ ਗਈ
ਮੇਰੇ ਸਿਰ ਚੋਂ
ਮੇਰੇ ਪੈਰਾਂ 'ਚ ਉਤਰ ਗਈ
ਇਹ ਤੂੰ ਨਹੀਂ ਤਾਂ
ਕੌਣ ਸੀ
ਸ਼ੋਰ ਸੀ ਤੇਰਾ
ਕਿ ਤੇਰਾ ਮੌਨ ਸੀ

-0-

ਧਰ ਗਈ
ਮੇਰੇ ਬੁੱਲ੍ਹਾਂ ਤੇ
ਰੰਗਾਂ ਕਲੀਆਂ ਦੀ ਮਹਿਕ
ਚਿਹਰੇ ਤੇ
ਮੌਸਮਾਂ ਬਹਾਰਾਂ ਰੁੱਤਾਂ
ਗੁਲਸ਼ਨ ਦੀ ਟਹਿਕ
ਛਿੱੜਕ ਗਈ
ਮੇਰੇ ਤੇ ਸਾਗਰਾਂ ਦੇ ਸਾਰਗ
ਬੀਜ ਗਈ
ਮੇਰੇ 'ਚ ਜੰਗਲ ਪਹਾੜ

ਅਕਾਸ਼ ਸੂਰਜ ਚੰਨ
ਤਾਰੇ ਧਰਤੀਆਂ
ਗਈ ਮੇਰੀ ਦੇਹ 'ਚ ਉਤਾਰ
ਇਹ ਤੂੰ ਨਹੀਂ ਤਾਂ
ਕੌਣ ਸੀ
ਸ਼ੋਰ ਸੀ ਤੇਰਾ
ਕਿ ਤੇਰਾ ਮੌਨ ਸੀ

-0-

ਉੱਗਾ ਕੇ ਮੇਰੇ 'ਚ
ਦੁਨੀਆਂ ਦੀ ਭੀੜ
ਜਿਸਮਾਂ ਦੇ ਬਾਜ਼ਾਰ
ਲਾ ਕੇ ਦੌਲਤਾਂ ਤੇ ਰਿਜ਼ਕਾਂ
ਦੇ ਅੰਬਰ
ਪੌਣਾਂ ਅੱਗਾਂ ਵੇਗ ਤੇ
ਤਾਅ
ਮੇਰੇ 'ਚ ਉਤਾਰ ਕੇ
ਰੰਗਾਂ ਰੂਪਾਂ ਸੁੰਦਰਤਾ ਦੀਆਂ
ਮਹਿਕਾਂ ਖ਼ਿਲਾਰ ਕੇ
ਭੁੱਖ਼ ਆਪਣੀ
ਬੀਜ ਮੇਰੇ ਲਹੂ 'ਚ
ਖ਼ੂਹ ਅੱਖੀਆਂ ਦੇ ਸੁੱਕਾ ਕੇ
ਤੁਰ ਗਈ
ਇਹ ਤੂੰ ਨਹੀਂ ਤਾਂ ਕੌਣ ਸੀ

ਸ਼ੋਰ ਸੀ ਤੇਰਾ
ਕਿ ਤੇਰਾ ਮੌਨ ਸੀ

-0-

ਅੱਜ ਮੇਰੇ ਚੋਂ
ਜ਼ਿੰਦਗੀ ਪੁੰਗਰਦੀ ਹੈ
ਹਵਾ ਚਲਦੀ ਹੈ
ਸੂਰਜ ਉੱਗਦਾ ਹੈ
ਦਿਨ ਚੜ੍ਹਦਾ ਹੈ
ਸ਼ਾਮ ਢਲਦੀ ਹੈ
ਰਾਤ ਸੁਬ੍ਹਾ ਨੂੰ ਜਨਮਦੀ ਹੈ
ਦੁਨੀਆਂ ਦਾ
ਕਾਰੋਬਾਰ ਚਲਦਾ ਹੈ
ਪ੍ਰਕਿਰਤੀ ਦਾ ਸਿਲਸਿਲਾ
ਮਨੁੱਖ ਦਾ ਰੁਜ਼ਗਾਰ ਚਲਦਾ ਹੈ
ਜੰਗਲੀ ਹਰਿਆਵਲ
ਮੇਰੇ ਚੋਂ ਸਾਹ ਲੈਂਦੀ ਹੈ
ਪਹਾੜ ਤੁਰਦੇ ਹਨ
ਪੱਥਰ ਤਰਦੇ ਹਨ
ਇਕ ਵਾਰ ਜੋ ਮੇਰੀ
ਨਜ਼ਰ 'ਚ ਠਹਿਰਦੇ ਹਨ

-0-

ਇਹ ਤੂੰ ਨਹੀਂ ਤਾਂ ਕੌਣ ਸੀ

ਸ਼ੋਰ ਸੀ ਤੇਰਾ
ਕਿ ਤੇਰਾ ਮੌਨ ਸੀ
ਜੋ ਜ਼ਰੇ ਨੂੰ ਸੂਰਜ ਕਰ
ਗਿਆ
ਮੁਫ਼ਲਿਸ ਉੱਠਾਂ
ਮੁਫ਼ਲਿਸੀ ਚੋਂ
ਦੁਨੀਆਂ ਦੇ ਤਖ਼ਤੀਂ
ਧਰ ਗਿਆ
ਇਸ ਔਗੁਣਹਾਰੇ ਰੰਕ ਨੂੰ
ਸ਼ਹਿਨਸ਼ਾਹਾਂ ਦਾ
ਸ਼ਹਿਨਸ਼ਾਹ ਕਰ ਗਿਆ
ਜਿੱਥੇ ਤੂੰ
ਏਨੀਆਂ ਰਹਿਮਤਾਂ ਤੇ
ਨਿਹਮਤਾਂ ਦੀ ਬਰਸਾਤ ਲਾਈ
ਹੈ
ਉੱਥੇ ਕਿਉਂ
ਆਪਣੇ ਤੇ ਮੇਰੇ 'ਚ ਰੱਖੀ
ਜੁਦਾਈ ਹੈ

-0-

ਦਯਾ ਕਰ
ਦੇ ਦੀਦਾਰ
ਭਟਕਦੀ ਜ਼ਿੰਦਗੀ ਲੱਭਦੀ ਹੈ
ਤੇਰਾ ਦੁਆਰ

ਪੱਥਰਾਂ ਨੂੰ ਤਾਰਨ
ਵਾਲਿਆ
ਇਸ ਰੰਕ ਨੂੰ ਵੀ ਤਾਰ ਦੇ
ਇਕ ਝਲਕ ਆਪਣੇ ਨੂਰ ਦੀ
ਮੈਨੂੰ ਵਿਖਾ ਦੇ

-0-

ਤੂੰ ਮੁਫ਼ਲਸੀ 'ਚ
ਮੈਨੂੰ ਯਾਦ ਕਰਦਾ ਸੈਂ
ਮੇਰੀ ਨਜ਼ਰ
ਤੇਰੇ ਤੇ ਸਵੱਲੀ ਹੋ ਗਈ
ਹੁਣ ਇਸ ਸ਼ਾਨੋ ਸ਼ੌਕਤ 'ਚ
ਤੂੰ ਜੇ ਮੈਨੂੰ
ਆਪਣੀ ਮੁਫ਼ਲਸੀ ਵਾਂਗ ਹੀ
ਯਾਦ ਰੱਖੇਂਗਾ
ਆਪਣੇ ਆਪ ਚੋਂ ਹੀ
ਜਗਦੀ ਮੇਰੀ ਜੋਤ ਤੱਕੇਂਗਾ

----

## ਤੂੰ ਹੈਂ ਤਾਂ

ਤੂੰ ਹੈਂ ਤਾਂ
ਅੱਥਰੂ ਗ਼ਮਾਂ ਦਾ ਸਮੁੰਦਰ
ਤਰਦਾ ਹੈ
ਕਤਰਾ ਦੁਨੀਆਂ ਦੀ ਪੀੜ
ਦਰਦਾਂ ਦਾ ਹਾਜ਼ੂਮ ਜਰਦਾ ਹੈ
ਤੇਰੇ
ਸਾਹਾਂ 'ਚ ਤੁਰਦਾ ਹੈ
ਮੇਰੀ ਜ਼ਿੰਦਗੀ ਦਾ ਮਜ਼ਮੂਨ
ਤੂੰ ਹੈਂ ਤਾਂ
ਮੇਰੀ ਹੋਂਦ ਦਾ ਸੱਚ ਹੈ
ਤੂੰ ਨਹੀਂ ਤਾਂ
ਮਿੱਟੀ ਦੇ ਜ਼ਰ੍ਹੇ ਤੋਂ ਬਦਤਰ
ਮੇਰਾ ਵਜ਼ੂਦ ਹੈ

-0-

ਤੇਰੇ ਬਿਨਾਂ
ਮੈਂ ਸੜਕਾਂ ਦੀ ਆਵਾਰਗੀ
ਹਾਂ
ਫੁੱਟਪਾਥਾਂ ਤੇ ਗੁਜ਼ਾਰਿਆ
ਜੀਵਨ ਹਾਂ

ਖੰਡਰ ਹੋ ਗਏ
ਕਿਸੇ ਸ਼ਹਿਰ ਦੀ ਰੌਣਕ ਹਾਂ
ਕੰਧਾਂ ਤੇ ਉਭਰਿਆ
ਘਰ ਲਈ
ਓਪਰਾ ਚਿਹਰਾ ਹਾਂ
ਤੂੰ ਉਹ ਰੁੱਖ਼ ਹੈਂ
ਜਿਸ ਦੀ ਛਾਂ ਤੋਂ
ਮੈਂ ਦੂਰ ਹਾਂ
ਤੇਰੀ ਟਹਿਣੀ ਤੇ
ਮੇਰਾ ਆਲ੍ਹਣਾ ਨਹੀਂ
ਤੇਰੇ ਦਿਲ 'ਚ
ਮੈਂ ਸਿਮਦਾ ਨਾਸੂਰ ਹਾਂ
ਨਾ ਸਹੀ
ਮੇਰੇ ਸਿਰ ਤੇ
ਤੇਰੇ ਹੱਥਾਂ ਦੀ ਛਾਂ
ਮੇਰੇ ਸਿਰ ਤੇ ਪਿਘਲਦਾ
ਤੇਰੀ ਨਫ਼ਰਤ ਦੇ ਸੂਰਜ ਦਾ
ਗਰੂਰ ਤੇ ਹੈ

-0-

ਮੈਂ ਜੋ
ਤੇਰੇ ਦਿਲ 'ਚ ਬੇਵਫ਼ਾਈਆਂ
ਤੇ ਸੂਲ੍ਹਾਂ ਉੱਗਾਈਆਂ ਹਨ

ਤੇਰੀ ਦੇਹ
ਰਿਸਦੇ ਛਾਲਿਆਂ ਨਾਲ
ਭਰੀ ਹੈ
ਇਹ ਸੂਲ੍ਹਾਂ ਤੇ ਛਾਲਿਆਂ
ਦੀ ਫ਼ਸਲ
ਹਰ ਮੌਸਮ 'ਚ ਹਰੀ ਹੈ
ਇਸ ਨੂੰ
ਮੁਰਝਾਉਣ ਦਾ ਡਰ ਨਹੀਂ
ਪਤਝੱੜ ਦੀ ਆਮਦ ਲਈ
ਇਸ 'ਚ ਕੋਈ ਦਰ ਨਹੀਂ

-0-

ਮੇਰੀ ਜ਼ਫ਼ਾ ਦੇ ਬਦਲੇ
ਜੋ ਫੁੱਲਾਂ ਕਲੀਆਂ ਦਾ
ਅਰਘਾ
ਤੂੰ ਚੜ੍ਹਾਇਆ ਸੀ
ਮੇਰੀ ਕੰਡ ਮੋੜਣ ਤੇ ਹੀ
ਉਹ ਮੁਰਝਾਇਆ ਸੀ
ਮੈਂ
ਇਨ੍ਹਾਂ ਫੁੱਲਾਂ ਕਲੀਆਂ ਦੀਆਂ
ਲਾਸ਼ਾਂ
ਅਜੇ ਵੀ ਉੱਠਾਈ ਫਿਰਦਾ ਹਾਂ
ਬਦਬੂ ਮਾਰੇ ਬਦਨ
ਇਨ੍ਹਾਂ ਦੇ

ਪਲਕਾਂ ਨਾਲ ਲਾਈ ਫਿਰਦਾ ਹਾਂ
ਦਿਲ 'ਚ ਵਸਾਈ ਫਿਰਦਾ ਹਾਂ

-0-

ਮੈਂ ਤਰਿਆ ਹੈ
ਹਯਾਤੀ ਦੇ ਗ਼ਮਾਂ ਦਾ ਸਾਗਰ
ਪਰ ਤੇਰੇ
ਇਕ ਹੰਝੂ 'ਚ ਡੁੱਬਿਆ ਹਾਂ
ਤੇਰੇ ਫੁੱਲਾਂ ਕਲੀਆਂ ਰੰਗਾਂ
ਖ਼ੁਸ਼ਬੂਆਂ ਦੇ ਗੁਲਸ਼ਨ 'ਚ
ਅੱਕ ਬਣ ਕੇ ਉੱਗਿਆ ਹਾਂ
ਇਸ ਲਈ
ਬੇਵਫ਼ਾ ਹੀ ਰਿਹਾ ਹਾਂ
ਤੇਰੇ ਨਾਲ ਮਿਲਾ ਕੇ ਨੈਣ
ਨਾ ਬਲਿਆ ਹਾਂ
ਨਾ ਸੜਿਆ ਹਾਂ
ਜਿੰਨਾ ਵੀ ਜੀਵਿਆ ਹਾਂ
ਗਿੱਲੀ ਲੱਕੜ ਵਾਂਗ
ਧੁੱਖਦਾ ਹੀ ਰਿਹਾ ਹਾਂ

-0-

ਇਹ ਦੁੱਖ ਦਰਦ
ਗ਼ਮ ਤੇ ਪੀੜਾਂ

ਰਹਿਮਤਾਂ ਤੇ ਨਿਹਮਤਾਂ ਨੇ
ਮੇਰੇ ਤੇ ਤੇਰੀਆਂ
ਇਹ ਮੇਰੇ ਪ੍ਰਾਣਾਂ ਤੋਂ ਵੀ
ਵੱਧ
ਅਮੁੱਲੇ ਖ਼ਜ਼ਾਨੇ ਨੇ
ਮਿਹਰਬਾਨ ਨੇ
ਜ਼ਿੰਦਗੀ ਦਾ ਆਸਰਾ ਨੇ
ਤੇਰੇ ਲਈ ਭਾਵੇਂ ਬਹਾਨੇ ਨੇ

----

## ਸਵੈ ਦੀ ਤਲਾਸ਼

ਉਹ ਫੁੱਲਾਂ ਰੰਗਾਂ
ਖ਼ੁਸ਼ਬੂਆਂ ਮੌਸਮਾਂ ਬਹਾਰਾਂ
ਰੁੱਤਾਂ ਚੋਂ ਲੰਘਿਆ
ਸ਼ਹਿਰ ਚੋਂ
ਬਾਜ਼ਾਰਾਂ ਦੀਆਂ ਰੌਣਕਾਂ ਚੋਂ
ਲੰਘਿਆ
ਕਿਸੇ ਨੇ ਨਾ ਪਹਿਚਾਣਿਆ
ਉਹ ਕੌਣ ਸੀ ਕੀ ਸੀ
ਕਿਸੇ ਨੇ ਨਾਂ ਜਾਣਿਆ

-0-

ਹਰ ਇਕ ਚਿਹਰਾ
ਆਪਣੇ ਜਗਣ 'ਚ
ਮਸਤ ਸੀ
ਹਰ ਕੋਈ
ਆਪਣੇ ਰੰਗਾਂ 'ਚ ਰੰਗਿਆ
ਲਗਨ 'ਚ ਮਸਤ ਸੀ
ਹਰ ਬਿੰਦੂ ਨੇ
ਆਪਣੇ ਦੁਆਲੇ ਦਾਇਰੇ
ਓੜ ਰੱਖੇ ਸਨ
ਆਪਣੇ ਏਕੇ ਸੰਗ

ਸਿਫ਼ਰੇ ਜੋੜ ਰੱਖੇ ਸਨ
ਹਰ ਕੋਈ
ਤਮਾਸ਼ਾ ਵੀ ਸੀ
ਤਮਾਸ਼ਈ ਵੀ ਸੀ
ਬਾਜ਼ਾਰੀ ਵਸਤੂ ਸੀ
ਖ਼ਰੀਦਦਾਰ ਵੀ ਸੀ
ਵਿਕਾਊ ਵੀ ਸੀ
ਹਰ ਕੋਈ
ਆਪਣੇ ਹੀ ਚਾਨਣ 'ਚ
ਜਗ ਰਿਹਾ ਸੀ
ਬੁੱਝ ਰਿਹਾ ਸੀ
ਹਰ ਅੱਖ
ਆਪਣੇ ਹੀ ਬਦਨ
ਦੁਆਲੇ ਘੁੰਮ ਰਹੀ ਸੀ

-0-

ਉਸ ਨੇ
ਭੀੜ ਨੂੰ ਆਕਰਸ਼ਤ
ਕਰਨ ਲਈ
ਆਪਣੇ ਆਪ ਦਾ ਭਾਂਬੜ
ਬਾਲਿਆ
ਭੀੜ ਦੇਂ ਸਿਰ ਤੋਂ ਪੈਰਾਂ ਤੱਕ
ਆਪਾ ਜਗਾ ਲਿਆ

ਉਸ ਚੋਂ ਅੱਗ ਦੀਆਂ
ਲਪਟਾਂ ਨਿਕਲੀਆਂ
ਰੌਸ਼ਨੀ ਭੀੜ 'ਚ ਹੋਈ
ਭੀੜ ਦੇ ਇਕੱਲੇ ਇਕੱਲੇ
ਚਿਹਰੇ 'ਚ
ਉਸ ਆਪਣਾ ਚਾਨਣ
ਉਤਾਰਿਆ
ਤੇ ਉੱਚੀ ਸੁਰ 'ਚ
ਪੁਕਾਰਿਆ
ਮੈਂ ਧਰਤ ਦਾ ਪਹਿਲਾ
ਮਨੁੱਖ ਹਾਂ

-0-

ਜੋ ਆਪਣੀ ਪਹਿਚਾਣ
ਖੋਹ ਗਿਆ ਹੈ
ਆਪਣੀ ਹੋਂਦ ਆਪਣਾ ਸੱਚ
ਆਪਣੀ ਸ਼ਨਾਖ਼ਤ ਖੋਹ ਗਿਆ ਹੈ
ਤੇ ਆਪਣੇ ਆਪ ਚੋਂ
ਮਨਫ਼ੀ ਹੋ ਗਿਆ ਹੈ

-0-

ਭੀੜ ਨੇ
ਨਾ ਉਸ ਨੂੰ ਸੁਣਿਆ
ਨਾ ਉਸ ਵੱਲ ਇਕ ਕਦਮ
ਹੀ ਤੁਰੀ

ਨਾ ਭੀੜ ਦੀ ਅੱਖ
ਉਸ ਦੇ ਚਿਹਰੇ ਵੱਲ ਮੁੜੀ
ਉਹ ਚੁੱਪ ਚਾਪ
ਆਪਣੀ ਪਹਿਚਾਣ
ਆਪਣਾ ਸੱਚ
ਆਪਣੀ ਹੋਂਦ ਤੇ ਸ਼ਨਾਖ਼ਤ
ਜਾਣੇ ਬਿਨਾਂ
ਆਪਣੇ
ਆਪ 'ਚ ਪਰਤ ਆਇਆ
ਆਪਣੀ ਜੜ੍ਹਾਂ
ਭਾਲਣ ਲਈ ਗਿਆ ਸੀ
ਆਪਣੀ ਮਨਫ਼ੀ ਦੇ
ਨਾਲ਼ ਮਨਫ਼ੀ ਲੈ ਆਇਆ

0–

ਇਕ ਹਨ੍ਹੇਰੀ ਰਾਤ ਨੂੰ
ਉਹ ਜਾ ਰਿਹਾ ਸੀ
ਉਸ ਨੂੰ
ਸ਼ਮਸ਼ਾਨ 'ਚ ਸੁੱਤੀਆਂ
ਕਬਰਾਂ ਦਾ ਚੇਤਾ ਆ ਰਿਹਾ ਸੀ
ਇਕ ਪਾਸੇ
ਪੀੜਾਂ ਦਰਦਾਂ ਦੁੱਖ ਜ਼ਖ਼ਮਾਂ

ਚੁੱਪ ਇਕੱਲਤਾ ਦੀ ਭੀੜ ਸੀ
ਇਕ ਪਾਸੇ
ਸ਼ਮਸ਼ਾਨ 'ਚ ਸੁੱਤੀ ਜ਼ਿੰਦਗੀ
ਦਾ ਸਰੀਰ ਸੀ

-0-

ਉਸ ਦੇ ਦੁਆਲੇ
ਅੱਖ੍ਹਾਂ ਸਨ ਚਿਹਰੇ ਸਨ
ਜੀਭਾਂ ਸਨ
ਕੰਨ ਸਨ ਸਰੀਰ ਸਨ
ਪਰ ਸਭ ਗਤੀ ਹੀਣ ਸਨ
ਨਾ ਬੋਲਦੇ ਨਾ ਸੁਣਦੇ
ਨਾ ਦੇਖਦੇ
ਇਹ ਪੀੜਾਂ ਦੁੱਖਾਂ ਦਰਦਾਂ
ਚੁੱਪਾਂ ਇਕੱਲਤਾ ਉਦਾਸੀਆਂ
ਤੇ ਵੀਰਾਨੀਆਂ ਦੇ ਰੋਗੀ
ਸਰੀਰ ਸਨ

-0-

ਜੋ ਉਸ ਨੂੰ
ਦੱਸ ਰਹੇ ਸਨ
ਅਸੀਂ ਤੇਰੇ ਦਿਲ ਦਾ ਗ਼ਮ
ਜਾਣਦੇ ਹਾਂ
ਤੈਨੂੰ ਆਪਣੀ ਹੋਂਦ ਸੱਚ ਤੇ

ਸ਼ਨਾਖ਼ਤ ਜਾਣਨ ਦਾ ਗ਼ਮ
ਖਾ ਰਿਹਾ ਹੈ
ਅਸੀਂ ਤੇਰੇ ਵਿਚਲਾ
ਸੱਚ ਜਾਣਦੇ ਹਾਂ
ਸਾਨੂੰ ਸਮਝ ਆ ਰਿਹਾ ਹੈ
ਤੇਰਾ ਸੱਚ ਅਸੀਂ ਹਾਂ
ਤੇਰੀ ਸ਼ਨਾਖ਼ਤ ਅਸੀਂ ਹਾਂ
ਤੇਰੀ ਹੋਂਦ ਅਸੀਂ ਹਾਂ
ਅਸੀਂ ਚਿੰਰਜੀਵ ਹਾਂ
ਅਮਰ ਹਾਂ
ਸਦਾ ਸਾਂ ਸਦਾ ਹਾਂ

-0-

ਪਹਿਲੀ
ਭੀੜ ਦੇ ਵਜ਼ੂਦ 'ਚ
ਤੇਰਾ ਸੱਚ ਜਾਣਨ ਵਾਲਾ
ਕੋਈ ਨਹੀਂ ਸੀ
ਅਹਿਸਾਸ ਨਹੀਂ ਸੀ
ਉਨ੍ਹਾਂ ਕੋਲ
ਆਪਣੇ ਤੋਂ ਸਿਵਾ ਕੁੱਝ
ਹੋਰ ਜਾਣਨ ਦਾ
ਵਕਤ ਨਹੀਂ ਸੀ
ਦੂਸਰੇ ਦੇ ਅੰਦਰ ਝਾਕਣ ਦਾ

-0-

ਅਸੀਂ
ਉਸ ਭੀੜ ਦਾ ਸੱਚ ਹਾਂ
ਜਿਸ ਨੂੰ

ਉਹ ਪਹਿਚਾਣਦੀ ਨਹੀਂ
ਭਰਮ ਦੀ ਜੂਨ
ਜਿਉਂਦੀ ਹੈ
ਭਰਮ ਦਾ ਸੱਚ ਜਾਣਦੀ ਨਹੀਂ
ਸਾਡੇ ਤੇ
ਉਹਦੇ ਵਿਚਕਾਰ
ਉਹਦੇ ਆਪਣੇ ਆਪ ਦੀ
ਦੀਵਾਰ ਹੈ
ਅਸੀਂ ਸੱਚ ਦੇ
ਇਸ ਪਾਰ ਹਾਂ
ਉਹ ਸੱਚ ਦੇ
ਉਸ ਪਾਰ ਹੈ

----

## ਦੀਦਾਰ ਦੀ ਹਸਰਤ

ਫਿਰ ਫੁੱਲ ਖਿੜੇ
ਮਹਿਕੀਆਂ ਕਲੀਆਂ
ਰੁੱਤਾਂ ਬਹਾਰਾਂ ਮੌਸਮ
ਪੁੰਗਰ ਆਏ ਨੇ
ਫਿਰ ਚੰਨ ਸੂਰਜ ਤਾਰੇ
ਦਿਲ 'ਚ ਉਤਰ ਆਏ ਨੇ
ਫਿਰ ਘਟਾ ਛਾਈ ਹੈ
ਅੰਬਰੋਂ ਬਰਸਾਤ ਹੋਈ ਹੈ
ਫੁੱਲਾਂ ਨੇ ਰੰਗ
ਕਲੀਆਂ ਨੇ ਆਪਣੀ
ਖ਼ੁਸ਼ਬੂ ਧੋਈ ਹੈ
ਕੋਇਲ ਨੇ ਬ੍ਰਿਹਾ ਕੂਕਿਆ
ਤੇ ਰੁੱਖ਼ ਰੋਏ ਨੇ
ਫਿਰ ਤੇਰੇ
ਦੀਦਾਰ ਦੀ ਹਸਰਤ ਹੋਈ ਹੈ
ਅੱਖ੍ਹਾਂ 'ਚ
ਇਕ ਅੱਥਰੂ ਦੀ ਮੌਤ ਹੋਈ ਹੈ

-0-

ਇਕ ਘੁੱਗੀ
ਤੂਤ ਦੀ ਛਾਂ ਦੇ ਕਲੇਜੇ ਚੋਂ
ਬੋਲੀ ਹੈ

ਤੂੰ ਹੀ ਤੂੰ ਦੀ ਸੁਰ 'ਚ
ਰਿੱਝਦੀ
ਤੂੰ ਹੋ ਗਈ ਹੈ
ਹੂਕ ਘੁੱਗੀ ਦੀ
ਦਿਲਾਂ ਨੂੰ ਛੂਹ ਗਈ ਹੈ
ਆਪਾ ਭੁੱਲ ਕੇ ਘੁੱਗੀ
ਦਾਤੇ ਦੀ ਹੋ ਗਈ ਹੈ
ਹੁਣ ਤੂੰ ਹੀ ਤੂੰ ਦਾ
ਸ਼ਬਦ ਗੂੰਜਦਾ ਹੈ
ਇਕ ਬੂੰਦ ਦੇ ਕੰਠ ਚੋਂ
ਸਮੁੰਦਰ ਬੋਲਦਾ ਹੈ

-0-

ਮੈਂ
ਇਕ ਜ਼ਰਾ ਮਿੱਟੀ ਦਾ
ਚੰਨ ਤੋਂ ਵਿਛੜਿਆ
ਚੰਨ ਭਾਲਦਾ ਹਾਂ
ਕਦੀ ਸਮੁੰਦਰ ਤਰਦਾ ਹਾਂ
ਕਦੀ ਸੂਰਜ
ਆਪਣੇ ਢਿੱਡ 'ਚ ਉਤਾਰਦਾ ਹਾਂ
ਕਦੀ ਰਿੱਝਦਾ ਹਾਂ
ਕਦੀ ਉੱਬਲਦਾ ਹਾਂ
ਕਦੀ ਬਲਦਾ ਹਾਂ

ਕਦੀ ਸੁਗਲ਼ਦਾ ਹਾਂ
ਮੈਂ ਜਿਸਮ ਤੋਂ ਛਾਲਾ
ਹੋ ਕੇ ਵੀ ਮੋਇਆ ਨਹੀਂ
ਤੇਰੇ ਦੀਦਾਰ ਲਈ
ਜਿਉਂਦਾ ਹਾਂ
ਆਸ ਦੀ ਡੋਰੀ ਤੇ
ਵਿੱਥਾਂ ਮਿਟਾਉਂਦਾ ਹਾਂ

-0-

ਰਹਿਮ ਕਰ
ਇਨ੍ਹਾਂ ਉੱਬਲਦੀਆਂ
ਅੱਖ੍ਹਾਂ ਨੂੰ
ਦੀਦਾਰ ਦੇ ਕੇ ਠਾਰ ਦੇ
ਇਸ ਬੂੰਦ ਦੇ ਕਤਰੇ ਨੂੰ
ਸਾਗਰ 'ਚ ਉਤਾਰ ਦੇ
ਇਸ ਮਿੱਟੀ ਦੇ ਜ਼ਰੇ ਨੂੰ
ਇਸ ਦਾ ਸੱਚ
ਵਿਖਾਲ ਦੇ

-0-

ਮੈਂ ਜਾਣਦਾ ਹਾਂ
ਤੇਰੀ ਰਹਿਮਤ ਤੋਂ ਬਿਨਾਂ
ਤੇਰਾ ਦੀਦਾਰ
ਕਰ ਨਹੀਂ ਸਕਦਾ

ਚਾਹੇ ਸੂਰਜਾਂ ਚੰਨਾਂ
ਤਾਰਿਆਂ ਤੋਂ ਰਾਖ਼ ਹੋ ਜਾਵਾਂ
ਭਾਵੇਂ ਲਹੂ ਮਾਸ ਤੋਂ
ਖ਼ਾਕ ਹੋ ਜਾਵਾਂ
ਕੁੱਝ ਵੀ ਨਹੀਂ ਦਾ ਚਾਹੇ
ਮੇਰੇ ਚੋਂ ਅਹਿਸਾਸ ਮਿਟ
ਜਾਵੇ
ਤਾਂ ਵੀ ਮੈਂ ਤੈਨੂੰ ਪਾ ਨਹੀਂ
ਸਕਦਾ
ਤੇਰੀ ਰਹਿਮਤ
ਤੇਰੀ ਨਿਹਮਤ ਤੋਂ ਬਿਨਾਂ
ਤੇਰੀ ਨਜ਼ਰ 'ਚ ਆ ਨਹੀਂ
ਸਕਦਾ
ਮੈਂ ਰਾਖ਼ ਦੀ ਰਾਖ਼ ਹੋ ਕੇ ਵੀ
ਤੇਰਾ ਦੀਦਾਰ ਪਾ
ਨਹੀਂ ਸਕਦਾ

-0-

ਪਰ
ਤੇਰੇ ਦੀਦਾਰ ਲਈ
ਇਹ ਨੈਣ
ਸੂਲੀ ਚੜ੍ਹ ਗਏ
ਸੂਰਜਾਂ 'ਚ ਉੱਬਲੇ

ਸਮੁੰਦਰਾਂ 'ਚ ਠਰ ਗਏ
ਜਿਸਮ ਤੋਂ ਛਾਲਾ ਹੋ ਗਏ
ਸ਼ਮਾਂ ਦੇ ਦੀਦਾਰ ਲਈ
ਪ੍ਰਵਾਨੇ ਸੜਣ ਤੋਂ ਪਹਿਲਾਂ ਹੀ
ਮਰ ਗਏ
ਫਿਰ ਤੇਰੇ ਦੀਦਾਰ ਦੀ
ਹਸਰਤ ਹੋਈ ਹੈ
ਅੱਖ੍ਹਾਂ 'ਚ ਇਕ ਅੱਥਰੂ
ਦੀ ਮੌਤ ਹੋਈ ਹੈ

----

# ਤਮਾਸ਼ਾ

ਉਹ ਸੜਕ ਤੇ
ਮਿੱਟੀ ਦੇ ਢੇਲੇ ਵਾਂਗ
ਪਿਆ ਸੀ
ਨਾ ਬੋਲਦਾ ਨਾ ਸੁਣਦਾ
ਨਾ ਹਰਕਤ ਕਰਦਾ
ਨਾ ਅੱਖ੍ਹਾਂ ਝਪਕਦਾ
ਬਸ ਬਿੱਟ ਬਿਟ
ਵੇਖਦਾ ਹੀ ਜਾ ਰਿਹਾ ਸੀ
ਵੇਖਦਾ ਹੀ ਜਾ ਰਿਹਾ ਸੀ

-0-

ਉਸ ਦਾ
ਚਿਹਰਾ ਤਿੜਕਿਆ
ਵਜ਼ੂਦ ਅੰਗਾਂ ਤੇ ਨਕ਼ਸ਼ਾਂ ਤੋਂ
ਹੀਣ ਸੀ
ਉਹ ਰੱਬ ਦੇ ਹੀ ਆਸਰੇ ਸੀ
ਨਾ ਆਪਣੇ
ਆਪ ਦੇ ਅਧੀਨ ਸੀ
ਨਾ ਉਸ ਦੀ
ਕੋਈ ਪਹਿਚਾਣ ਸੀ ਨਾ
ਸਿਆਣ ਸੀ
ਉਹ ਗ਼ੁਮਨਾਮ ਸੀ

ਉਧੜੀ ਧਰਤੀ
ਤਿੜਕਿਆ ਅਸਮਾਨ ਸੀ

-0-

ਲੋਕੀਂ ਕੋਲੋਂ ਲੰਘਦੇ
ਇਕ ਦੂਜੇ ਨੂੰ ਪੁੱਛਦੇ
ਇਹ ਕੌਣ ਹੈ
ਦੂਜਾ ਦੱਸਦਾ
ਤੁਸੀਂ ਨਹੀਂ ਜਾਣਦੇ ਜਨਾਬ
ਇਹ ਸਾਡੇ
ਸਮਾਜ ਤੇ ਬੋਝ ਸੀ
ਸਾਡੀ ਚੇਤਨਾ ਤੇ ਦਿਲ ਤੇ
ਭਾਰ ਸੀ
ਸਾਡੇ ਸਿਰਾਂ ਤੇ ਲਟਕਦੀ
ਨੰਗੀ ਤਲਵਾਰ ਸੀ
ਸਾਡੇ ਰਾਹ ਦਾ ਰੋੜਾ ਸੀ
ਸਾਡੀਆਂ ਖ਼ੁਸ਼ੀਆਂ ਰੌਣਕਾਂ
ਦੀ ਉਜਾੜ ਸੀ

-0-

ਕੋਹੜ ਸੀ ਕਲੰਕ ਸੀ
ਸਾਡੇ ਸਮਾਜ ਦਾ
ਵਿਰੋਧ ਸੀ

ਸਾਡੀ ਆਵਾਜ਼ ਦਾ
ਸਾਡੀ ਉਨਤੀ ਦੇ
ਖ਼ਿਲਾਫ਼ ਸੀ
ਸਾਡੀ ਸਮਾਜਕ ਬੁਣਤੀ
ਦੇ ਖ਼ਿਲਾਫ਼ ਸੀ

-0-

ਅਸੀਂ ਇਸ ਨੂੰ
ਆਪਣੇ ਚੋਂ ਨਿਚੋੜ ਕੇ
ਸ਼ਹਿਰ ਚੋਂ ਕੱਢ ਕੇ ਬਾਹਰ
ਰੱਖ ਦਿੱਤਾ ਹੈ
ਇਸ ਚੋਂ ਮਨਫ਼ੀ ਹੋ ਗਏ ਹਾਂ
ਆਪਣੇ ਆਪ ਚੋਂ
ਇਸ ਨੂੰ ਮਨਫ਼ੀ
ਕਰ ਦਿੱਤਾ ਹੈ

-0-

ਅਸੀਂ ਇਕੋ ਹੀ
ਮੁਹੱਲੇ 'ਚ ਰਹਿੰਦੇ ਸਾਂ
ਇਕੋ ਹੀ
ਮਦਰੱਸੇ ਦੇ ਵਿਦਿਆਰਥੀ
ਸਾਂ
ਇਸ ਦਾ
ਨਿੱਕੇ ਹੁੰਦੇ ਦਾ ਨਾਂ ਸੱਚ ਸੀ

ਹੁਣ ਵੀ ਸੱਚ ਹੈ
ਸੱਚ ਦੇ ਨਾਂ ਨਾਲ
ਮਸ਼ਹੂਰ ਸੀ
ਮਦਰੱਸੇ ਤੇ ਮੁਹੱਲੇ ਦਾ
ਵਜ਼ੂਦ ਸੀ
ਰੂਹ ਸੀ ਦਸਤੂਰ ਸੀ
ਹੁਣ
ਇਹ ਸਾਡੇ ਲਈ ਹਾਸਾ ਹੈ
ਇਕ ਤਮਾਸ਼ਾ ਹੈ

-0-

ਉਹ ਸੜਕ ਤੇ
ਮਿੱਟੀ ਦੇ ਢੇਲੇ ਵਾਂਗ
ਪਿਆ ਸੀ
ਨਾ ਬੋਲਦਾ ਨਾ ਸੁਣਦਾ
ਨਾ ਹਰਕਤ ਕਰਦਾ
ਨਾ ਅੱਖ੍ਹਾਂ ਝਪਕਦਾ
ਬਸ ਬਿਟ ਬਿੱਟ ਵੇਖਦਾ
ਹੀ ਜਾ ਰਿਹਾ ਸੀ
ਵੇਖਦਾ ਹੀ ਜਾ ਰਿਹਾ ਸੀ

----

## ਨੇਕੀ

ਇਸ ਮਹਿਕ ਦੀ
ਭਾਲ ਸੀ ਮੈਨੂੰ
ਇਸ ਮਹਿਕ ਲਈ
ਮੈਂ ਦਰ-ਬ-ਦਰ ਭਟਕਿਆ ਹਾਂ
ਕਈ ਵਾਰ ਆਪੇ ਚੋਂ
ਬਾਹਰ ਆਇਆ ਹਾਂ
ਕਈ ਵਾਰ
ਆਪੇ 'ਚ ਪਰਤਿਆ ਹਾਂ

-0-

ਪਰ ਇਹ ਮਹਿਕ
ਤਾਂ ਭੀੜ ਚੋਂ ਆ ਰਹੀ ਹੈ
ਮੇਰੇ ਭਵਿੱਖ ਲਈ
ਮੈਨੂੰ ਬੁਲਾ ਰਹੀ ਹੈ
ਮੈਂ ਭੀੜ 'ਚ ਉਤਰਿਆ
ਚੋਰੀ
ਹਰ ਔਰਤ ਨੂੰ ਹਰ ਮਰਦ ਨੂੰ
ਸੁੰਘਿਆ
ਭੀੜ ਦੇ ਦੂਜੇ ਕਿਨਾਰੇ
ਇਕ ਬਿਰਧ ਔਰਤ

ਬੈਂਚ ਤੇ ਬੈਠੀ ਸੁਸਤਾ
ਰਹੀ ਸੀ
ਇਹ ਮਹਿਕ
ਉਸ ਦੇ ਪਿੰਡੇ ਚੋਂ ਹੀ ਆ
ਰਹੀ ਸੀ

-0-

ਮੈਂ
ਉਸ ਨੂੰ ਆਖਿਆ
ਐ
ਬਿਰਧਤਾ
ਜੋ ਮਹਿਕ ਤੇਰੇ ਪਿੰਡੇ ਚੋਂ
ਆ ਰਹੀ ਹੈ
ਮੇਰੇ 'ਚ ਸਮਾਈ ਹੈ
ਲਗਦੈ ਤੂੰ ਵੀ ਬਚਪਨ ਤੇ
ਜਵਾਨੀ
ਮੇਰੇ ਵਾਗ ਹੀ ਹੰਢਾਈ ਹੈ
ਬਿਰਧ ਔਰਤ ਬੋਲੀ
ਇਸ ਚਿਹਰੇ ਨੇ
ਜਵਾਨੀ 'ਚ
ਮੇਰੇ ਅੰਦਰ ਕਈ ਚਿਹਰੇ
ਉਤਾਰੇ ਸਨ
ਕਈਆਂ ਰੰਗਾਂ ਦੀਆਂ
ਤਸਵੀਰਾਂ

ਮੇਰੇ ਦਿਲ ਦੇ ਕੋਰੇ
ਕਾਗ਼ਜ਼ ਤੇ ਬਣਾਈਆਂ ਸਨ

-0-

ਇਸ ਮਹਿਕ ਨੇ
ਕਈ ਮਰਮਰੀ ਬੁੱਤਾਂ ਦੀਆਂ
ਸੂਰਤਾਂ ਤੇ ਮੂਰਤਾਂ
ਮੇਰੀ ਚੇਤਨਾ 'ਚ ਬੁਣੀਆਂ ਸਨ
ਮੇਰੇ ਅੰਦਰ
ਇਕ ਜੋਤ ਬਲੀ ਸੀ
ਜਿਸ ਪਰਮ ਜੋਤ ਦੀ ਰੌਸ਼ਨੀ
ਮੇਰੇ ਅੰਦਰ ਧਰੀ ਸੀ
ਇਹ ਮਹਿਕ
ਉਸ ਦਾਤੇ ਦੀ ਰਹਿਮਤ ਹੈ
ਨਿਹਮਤ ਹੈ
ਜਿਸ ਮੇਰੇ 'ਚ ਵਸਾਈ ਹੈ
ਤੇ ਇਸ ਮਹਿਕ ਦੇ ਸਦਕਾ
ਦੁਨੀਆਂ ਦੀ ਸੂਰਤ ਚੋਂ
ਆਪਣੀ
ਸੂਰਤ ਵਿਖਾਈ ਹੈ

-0-

ਮੈਂ ਆਖਿਆ

ਐ
ਬਿਰਧਤਾ
ਮੇਰੇ ਅੰਦਰ ਵੀ
ਲੋਕਾਂ ਦੇ ਹਾਜ਼ੂਮ ਤੁਰਦੇ ਹਨ
ਅੱਖਾਂ ਵੇਖਦੀਆਂ ਹਨ
ਜੀਭਾਂ ਬੋਲਦੀਆਂ ਹਨ
ਹੱਥ ਅਨੇਕਾਂ
ਕਰਮ ਕਰਦੇ ਹਨ
ਪੈਰ ਸਫ਼ਰਾਂ ਤੇ ਨਿਕਲਦੇ
ਹਨ
ਮੇਰੇ ਅੰਦਰ
ਕਲਿਆਣ ਦੇ ਚਿਹਰੇ
ਸੁੰਦਰਤਾ ਦੀਆਂ ਮੂਰਤਾਂ ਦਾ
ਵਸੇਰਾ ਹੈ
ਚੰਨਾਂ ਤਾਰਿਆਂ ਦੀ
ਲੋਅ ਹੈ
ਸੂਰਜਾਂ ਦਾ ਡੇਰਾ ਹੈ

-0-

ਮੇਰੀ ਖ਼ੁਸ਼ਬੂ ਹੀ
ਮੈਨੂੰ ਤੇਰੇ ਤਕ ਲੈ ਆਈ ਹੈ
ਤੇਰੀ ਸ਼ਕਲ ਸੂਰਤ ਤੇ ਵਜ਼ੂਦ 'ਚ
ਮੈਂ ਆਪਣੇ ਭਵਿੱਖ ਦੀ

ਮੰਜ਼ਿਲ ਪਾਈ ਹੈ
ਬੁੱਢਾਪੇ 'ਚ
ਮੈਂ ਤੇਰੇ ਵਰਗਾ ਭਰਿਆ
ਭਰਿਆ
ਨਿਰਮਲ ਸਵੱਸ਼ ਤੇ ਸੀਤਲ
ਚਿਹਰਿਆਂ ਦਾ
ਸਾਗਰ ਬਣਾਂਗਾ
ਜੋਤਾਂ ਦੇ ਸਾਗਰ 'ਚ
ਪਰਮ ਜੋਤ ਦਾ ਸਰੂਪ
ਧਰਾਂਗਾ
ਐ
ਬਿਰਧਤਾ
ਮੇਰਾ ਬਚਪਨ ਜਵਾਨੀ
ਤੈਨੂੰ ਪ੍ਰਣਾਮ ਕਰਦਾ ਹੈ
ਸੱਚ ਸੁੰਦਰਤਾ ਤੇ
ਕਲਿਆਣ ਦਾ ਅਰਘਾ
ਤੇਰੇ ਚਰਨਾਂ 'ਚ ਧਰਦਾ ਹੈ

----

## ਪ੍ਰਾਹੁਣਾ

ਮੈਂ
ਇਹ ਜੀਵਨ ਜੀਵਿਆ
ਹੈ
ਇਸ ਨੂੰ ਹੰਢਾਇਆ ਹੈ
ਇਸ ਦਾ ਰੱਸ ਪੀਤਾ ਹੈ
ਇਸ 'ਚ ਉਤਰਿਆ ਹਾਂ
ਇਸ ਨੂੰ
ਆਪਣੇ ਅੰਦਰ ਕੀਤਾ ਹੈ

-0-

ਸੋਚਦਾ ਹਾਂ
ਇਹ ਜੀਵਨ ਸਦਾ ਹੀ
ਹੰਢਾਉਂਦਾ ਰਹਾਂ
ਅਸਲ ਮਨੁੱਖ ਸਿਰਜਦਾ
ਰਹਾਂ
ਅਸਲ ਸਮਾਜ
ਉਸਾਰਦਾ ਰਹਾਂ
ਵਿਸ਼ਵ ਦਾ ਵਜ਼ੂਦ
ਆਪਣੀ ਮਿੱਟੀ ਦਾ
ਘੜਦਾ ਰਹਾਂ
ਕਲਿਆਣ ਦੀ ਧਰਤੀ

ਸੱਚ ਦਾ ਆਸਮਾਂ
ਤੇ ਸੁੰਦਰਤਾ ਦੀ ਪ੍ਰਕਿਰਤੀ
ਇਸ 'ਚ ਸਜਾਉਂਦਾ ਰਹਾਂ

-0-

ਚਾਹੁੰਦਾ ਹਾਂ
ਕਿ ਮੈਂ ਏਨਾ
ਇਸ ਦੁਨੀਆਂ 'ਚ ਉਤ਼ਰ
ਜਾਵਾਂ
ਕਿ ਫਿਰ ਨਾ
ਪਰਤ ਕੇ ਆਵਾਂ
ਹਰ ਸ਼ਖ਼ਸ ਦੀਆਂ ਨਾੜਾਂ 'ਚ
ਤੁਰਾਂ
ਹਰ ਸ਼ਖ਼ਸ ਦੀ ਨਸ ਨਸ 'ਚ
ਵੱਸਾਂ
ਹਰ ਸਖ਼ਸ਼ ਦੇ
ਦਿਲ 'ਚ ਧੜਕਾਂ
ਹਾਸਿਆਂ 'ਚ ਵੱਸਾਂ
ਅੱਥਰੂਆਂ 'ਚ ਰਹਾਂ

-0-

ਬੱਚਿਆਂ ਦੀ
ਮੁਸਕਰਾਹਟ ਹੋ ਜਾਵਾਂ

ਬੱਚਿਆਂ ਦੀ
ਨੀਂਦਰ 'ਚ ਉਤਰ ਜਾਵਾਂ
ਮਾਂ ਦੀ ਮਮਤਾ 'ਚ ਘੁਲ
ਜਾਵਾਂ
ਬਾਪੂ ਦੀ ਮੁਹੱਬਤ ਤੇ ਡੁੱਲ੍ਹ
ਜਾਵਾਂ
ਭੈਣ ਦੀ ਰੱਖੜੀ 'ਚ ਬੱਝਾਂ
ਭਰਾਵਾਂ ਦੀਆਂ ਬਾਹਾਂ
ਹੋ ਜਾਵਾਂ
ਬੱਚਿਆਂ ਦਾ ਤੋਤਲਾਪਣ
ਹੋਵਾਂ
ਬੱਚਿਆਂ ਵਾਂਗ ਬੁੱਲ੍ਹ ਟੇਰਾਂ
ਸੱਚ ਸੁੰਦਰਤਾ ਤੇ ਕਲਿਆਣ
ਮੇਰੀ ਪਹਿਚਾਣ ਹੋਵੇ
ਬੱਚਿਆਂ ਦੀ ਨਿਰਮਲਤਾ
ਤੇ ਮਾਸੂਮੀਅਤ
ਮੇਰੀ ਸਿਆਣ ਹੋਵੇ

-0-

ਤੇ ਸਭ ਤੋਂ ਵੱਧ

ਮੈਂ ਆਪਣੀ ਪਤਨੀ ਨੂੰ
ਹੰਝੂਆਂ ਸੰਗ ਇਸ਼ਨਾਨਾ
ਉਸ ਦਾ ਜਿਸਮ ਚੁੰਮਾਂ
ਆਪਣੇ ਹੋਠ ਤੇ ਰਸਨਾ
ਨੂੰ
ਸੁੱਚਿਆਂ ਕਰਾਂ
ਪੂਜਾਂ ਸਿਮਰਾਂ ਧਿਆਵਾਂ
ਉਸ ਦਾ ਰੂਪ ਹੋ ਜਾਵਾਂ
ਜੋ ਸੁੱਖ ਸ਼ਾਂਤੀ ਉਤਪੱਤੀ
ਰਿਜ਼ਕ ਕਲਿਆਣ ਤੇ
ਦਯਾ ਦੀ ਮੂਰਤੀ ਹੈ
ਮੇਰੀ ਤ੍ਰਿਪਤੀ ਦੀ ਪੂਰਤੀ ਹੈ

-0-

ਮੇਰੇ ਦਿਲ ਦੇ ਤਖ਼ਤ ਦੀ
ਉਹ ਮਹਾਂਰਾਣੀ ਹੈ
ਮੈਂ ਉਸ ਦੇ ਤਖ਼ਤ ਦਾ
ਬਾਦਸ਼ਾਹ ਹੀ ਨਹੀਂ
ਇਕ ਅਹਿਲਕਾਰ ਹਾਂ
ਸੇਵਾਦਾਰ ਹਾਂ
ਮੇਰੀ ਔਕਾਤ ਕਿੱਥੇ

ਕਿ ਮੈਂ
ਉਸ ਦਾ ਰੁਤਬਾ ਪਾ
ਸਕਾਂ
ਉਸ ਦੀ ਹਾਜ਼ੂਰੀ 'ਚ
ਆਪਣਾ ਸਿਰ ਉਠਾ ਸਕਾਂ
ਉਹ
ਸਿਰਫ਼ ਪਤਨੀ ਹੀ ਨਹੀਂ ਮੇਰੀ
ਮੇਰੀ ਜਨਮ ਦਾਤੀ
ਦਾ ਰੂਪ ਹੈ
ਅੱਲ੍ਹਾ ਤਾਲਾ ਨੇ ਆਪ
ਫੁਰਮਾਇਆ ਹੈ
ਕਿ ਔਰਤ
ਉਸ ਦਾ ਸਰੂਪ ਹੈ
ਅੱਲ੍ਹਾ ਤਾਲਾ ਦੇ ਸਭ ਗੁਣ
ਉਸ 'ਚ ਮਜ਼ੂਦ ਨੇ
ਰੂਹ ਇਕ ਹੈ
ਵੱਖ ਵੱਖ ਵਜ਼ੂਦ ਨੇ

-0-

ਮੈਂ ਇਹਦੀ ਛਾਂ ਹੇਠੋਂ
ਕਦੀ ਨਾ ਉਠਾਂ
ਮੈਂ ਇਹਦੀ ਛਾਂ

ਯੁਗੋ ਯੁਗ ਹੰਢਾਵਾਂ
ਇਹ ਮੇਰੇ 'ਚ ਉਤਰੀ
ਮੈਂ ਇਹਦੇ 'ਚ ਸਮਾਂ ਜਾਵਾਂ
ਨਾ ਉਹ ਪਤਨੀ
ਨਾ ਮੈਂ ਪਤੀ ਕਹਿਲਾਵਾਂ
ਉਸ ਦਾ ਅੱਧ ਮੇਰੇ 'ਚ ਰਲ
ਜਾਵੇ
ਸੱਚ 'ਚ ਸੱਚ ਰਲ ਜਾਵੇ
ਸੱਚ ਸੱਚ ਹੁੰਦਾ ਹੈ
ਘਟ ਰੱਤੀ ਨਹੀਂ ਹੁੰਦਾ
ਇਕ ਨੂਰ ਹੁੰਦਾ ਹੈ
ਪਤਨੀ ਪਤੀ ਨਹੀਂ ਹੁੰਦਾ

-0-

ਪਰ ਅਫ਼ਸੋਸ
ਇਹ ਸਭ ਤਿਆਗ ਕੇ
ਜਾਣਾ ਪੈਣਾਂ ਹੈ
ਇਸ ਦੁਨੀਆਂ 'ਚ
ਆਦਮੀ ਨੇ
ਪ੍ਰਾਹੁਣੇ ਵਾਂਗ ਰਹਿਣਾ ਹੈ

ਪਰ ਪ੍ਰਾਹੁਣਾ ਬਣ ਕੇ ਵੀ
ਜਿੰਨਾ ਚਿਰ ਰਹੇ
ਘਰ ਦੇ ਜੀਆਂ ਵਾਂਗ ਰਹੇ
ਉਹਨਾਂ ਦੇ ਹਾਸਿਆਂ 'ਚ ਹੱਸੇ
ਉਹਨਾਂ ਦੇ ਹੰਝੂਆਂ 'ਚ ਜੀਵੇ
ਜਦ ਆਪਣੇ ਸੱਚੇ ਘਰ 'ਚ
ਪਰਤੇ
ਘਰ ਦੇ ਜੀਅ ਕਹਿਣ
ਇਹ ਜੋ ਪ੍ਰਾਹੁਣਾ ਸੀ
ਖੰਡ ਦਾ ਖਿਡਾਉਣਾ ਸੀ

----

## ਉਹ ਕੁੜੀ

ਫੁੱਲ ਖਿੜੇ ਹਨ
ਮੇਰੇ ਯਾਰਡ 'ਚ ਨਹੀਂ
ਮਸਤਕ 'ਚ ਖਿੜੇ ਹਨ
ਦੋ ਦਿਲ ਮਿਲੇ ਹਨ
ਗੁਲਜ਼ਾਰ 'ਚ ਨਹੀਂ
ਕਲਪਣਾ 'ਚ ਮਿਲੇ ਹਨ
ਸ਼ਿਕਵੇ ਹਨ ਗਿਲੇ ਹਨ
ਆਹਮਣੇ ਸਾਹਮਣੇ ਨਹੀਂ
ਆਪਣੇ ਤਕ-ਸੀਮਤ ਹਨ
ਆਪਣੇ ਆਪਣੇ ਹਨ

-0-

ਮੈਂ
ਉਸ ਨੂੰ ਵੇਖਿਆ ਹੈ
ਮਿਲਿਆ ਨਹੀਂ
ਪਤਾ ਨਹੀਂ
ਉਹ ਕੀ ਹੈ
ਉਹ ਕੌਣ ਹੈ
ਅੱਗਣ ਹੈ ਬੱਦਲ ਹੈ
ਜਾਂ ਪੌਣ ਹੈ
ਪਰ ਉਹ
ਮੇਰੇ ਦਿਲ ਤੇ ਵਰ੍ਹ ਗਈ ਹੈ
ਮੇਰੀ ਮਿੱਟੀ ਦੀ ਢੇਰੀ 'ਚ
ਜਗਦਾ ਚਿਰਾਗ਼ ਧਰ ਗਈ ਹੈ

-0-

ਮਰਨ ਤੋਂ ਪਿੱਛੋਂ ਵੀ
ਮੈਨੂੰ ਜਿਉਣ ਜੋਗਾ
ਕਰ ਗਈ ਹੈ
ਮੌਤ ਦੀ ਸਰਦਲ ਤੇ
ਜ਼ਿੰਦਗੀ ਧਰ ਗਈ ਹੈ
ਮੌਤ ਨੂੰ ਜ਼ਿੰਦਗੀ
ਅੱਜ ਵਰ੍ਹ ਗਈ ਹੈ
ਫੁੱਲ ਜੋ ਮਸਤਕ 'ਚ ਖਿਲੇ ਹਨ
ਦਿਲ ਜੋ
ਕਲਪਣਾ 'ਚ ਮਿਲੇ ਹਨ
ਸਭ ਨੂੰ ਯਥਾਰਥ ਦਾ ਰੂਪ
ਦੇ ਗਈ ਹੈ
ਮੈਨੂੰ ਆਪਣਾ ਸਰੂਪ ਦੇ ਗਈ
ਹੈ

-0-

ਉਹ ਕੁੜੀ
ਜੋ ਮੇਰੀ ਕਲਪਣਾ 'ਚ
ਘੁਲੀ ਸੀ
ਅੱਜ ਮੇਰੇ ਸੰਗ
ਅੰਬਰ ਦੇ ਹੇਠਾਂ ਧਰਤੀ ਤੇ
ਤੁਰੀ ਹੈ
ਕਲਪਣਾ ਤੋਂ
ਸੱਚ ਹੋ ਗਈ ਹੈ
ਮੈਂ ਉਹਦੇ 'ਚ
ਉਹ ਮੇਰੇ ਚ ਖੋਹ ਗਈ ਹੈ

-0-

ਜੀਵਨ ਦਾ ਯਥਾਰਥ
ਸਾਡੇ ਵਿਹੜੇ ਹੱਸਦਾ
ਖੇਡਦਾ ਹੈ
ਇਹ ਸੱਚ
ਦੋ ਦਿਲਾਂ ਦੀ ਕਲਪਣਾ ਦੇ
ਮੇਲਦਾ ਹੈ
ਜੋ ਘਰ ਦੀਆਂ ਕੰਧਾਂ ਚੋਂ
ਦਿੱਸਦਾ ਹੈ
ਛੱਤਾਂ ਚੋਂ ਝਾਕਦਾ ਹੈ
ਵਿਹੜੇ 'ਚ ਮੇਲਦਾ ਹੈ

-0-

ਮੈਂ ਆਪਣੀ ਕਲਪਣਾ
ਤੇ ਉਸ ਕੁੜੀ ਦੇ ਯਥਾਰਥ ਦਾ
ਸੱਚ ਧਿਆਉਂਦਾ ਹਾਂ
ਜਿੱਧਰ ਵੀ ਵੇਖਦਾ ਹਾਂ
ਉਸ ਕੁੜੀ ਦਾ ਸੱਚ
ਪਾਉਂਦਾ ਹਾਂ
ਆਪਣੇ ਆਪ 'ਚ ਵੀ
ਸੱਚ ਹੋ ਜਾਂਦਾ ਹਾਂ
ਸੱਚ ਜੋ ਕਲਪਣਾ ਨਹੀਂ
ਸੱਚ ਜੋ ਮੈਂ ਨਹੀਂ
ਸੱਚ ਜੋ ਉਹ ਕੁੜੀ ਨਹੀਂ
ਸੱਚ ਤਾਂ ਸਿਰਫ਼ ਸੱਚ ਹੈ
ਮੈਂ ਤੇ ਉਹ ਕੁੜੀ
ਤਾਂ ਸਿਰਫ਼ ਕੱਚ ਹੈ

----

## ਸਥੂਲ ਲੋਕ

ਸ਼ਹਿਰ ਦੇ ਰੱਬ ਨੇ
ਮੈਨੂੰ ਆਸਰਾ ਦਿੱਤਾ
ਮੇਰੀ ਦੇਹ ਸੁੰਘੜ ਗਈ
ਮੈਂ ਦਾਇਰੇ ਤੋਂ
ਬਿੰਦੂ ਹੋ ਗਿਆ
ਆਪਣੇ ਦਾਇਰੇ ਦੀ
ਤਲਾਸ਼ 'ਚ ਭਟਕਿਆ
ਆਪਣੇ ਚੋਂ ਰੱਬ ਦੀ
ਆਸਥਾ ਨਿਚੋੜੀ
ਰੱਬ ਦੁਸ਼ਮਣ ਹੋ ਗਿਆ
ਮੇਰਾ ਵਜ਼ੂਦ ਫੈਲ ਗਿਆ

-0-

ਇਸ ਸ਼ਹਿਰ ਦਾ ਦਰ
ਜਦ ਵੀ ਕਿਸੇ
ਮੇਰੇ ਲਈ ਖੋਲ੍ਹਿਆ
ਕੰਧਾਂ ਛੱਤਾਂ ਵਿਹੜਿਆਂ
ਘਰਾਂ ਨੇ ਮੈਨੂੰ ਪਹਿਚਾਣਿਆਂ
ਪਰ ਘਰਾਂ 'ਚ ਵੱਸਦੇ
ਲੋਕਾਂ
ਮੈਨੂੰ ਪਰਾਇਆ ਜਾਣਿਆ

ਮੈਨੂੰ ਵੀ
ਪਰਾਏ ਹੀ ਨਜ਼ਰ ਆਏ
ਆਪਣੇ ਕਲਬੂਤਾਂ 'ਚ
ਆਪਣੀ ਮਰਜ਼ੀ ਤੋਂ ਬਿਨਾਂ
ਸਮਾਏ ਨਜ਼ਰ ਆਏ

-0-

ਸ਼ਹਿਰ ਦੀਆਂ ਗਲੀਆਂ 'ਚ
ਉਤਰਿਆ
ਗਲੀਆਂ 'ਚ ਲੱਗੇ
ਪੈਰਾਂ ਦੇ ਨਿਸ਼ਾਨ
ਮੈਨੂੰ ਅਜ਼ਨਬੀ ਲੱਗੇ
ਗਲੀਆਂ ਆਪਣੀਆਂ
ਲੱਗੀਆਂ
ਗਲੀਆਂ ਚੋਂ
ਮੇਰੇ ਬਚਪਣ ਨੇ ਝਾਕਿਆ
ਮੈਨੂੰ ਜੀ ਆਇਆਂ
ਆਖਿਆ
ਗਲੀਆਂ ਦੀਆਂ ਅੱਖਾਂ ਜੀਭਾਂ
ਕੰਨਾਂ ਚੋਂ
ਮੈ ਹੀ ਝਾਕਦਾ ਪੁਕਾਰਦਾ
ਤੇ ਆਪਣੇ ਆਪ ਨੂੰ ਸੁਣਦਾ
ਲੱਗਦਾ
ਗਲੀਆਂ ਦਾ ਚਿਹਰਾ
ਮੈਨੂੰ ਆਪਣਾ ਚਿਹਰਾ

ਲੱਗਦਾ
ਗਲੀਆਂ ਤੁਰਦੀਆਂ
ਗਲੀਆਂ ਦੇ ਹਰ ਮੋੜ ਤੇ
ਮੈਂ ਬੱਤੀ ਵਾਂਗ ਜਗਦਾ ਲੱਗਦਾ

-0-

ਸ਼ਹਿਰ ਦੇ ਰੱਬ ਨੇ
ਮੈਨੂੰ ਦਾਇਰੇ ਤੋਂ ਬਿੰਦੂ ਬਣਾ
ਦਿੱਤਾ
ਸ਼ਹਿਰ ਦੇ ਲੋਕਾਂ ਅਜ਼ਨਬੀ
ਆਖਿਆ
ਸ਼ਹਿਰ ਦੀਆਂ ਗਲੀਆਂ
ਮੈਨੂੰ ਮੇਰਾ ਬਚਪਣ ਲੁਟਾ ਦਿੱਤਾ

-0-

ਸਥੂਲ ਸ਼ਹਿਰ
ਸਥੂਲ ਘਰ ਕੰਧਾਂ ਵਿਹੜੇ
ਤੇ ਛੱਤਾਂ
ਸਥੂਲ ਗਲੀਆਂ
ਸਥੂਲਤਾ ਚੋਂ ਜ਼ਿੰਦਗੀ ਨਜ਼ਰ ਆਈ
ਜਿਉਂਦੇ ਜਾਗਦੇ ਲੋਕਾਂ ਚੋਂ
ਸਥੂਲਤਾ ਨਜ਼ਰ ਆਈ

----

# ਅਨੁਭਵ ਤੇ ਪ੍ਰਛਾਵੇਂ

## (ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼

ਪੰਜਾਬ ਬੁੱਕ ਸੈਂਟਰ

# ANUBHAV TE PARCHHAVEN

( A Collection of Poems )

By : CHARAN SINGH
9251 ARVIDA, DR.
RICHMOND B.C.
V7A4K5
CANADA
Phone : 604-448-0331

N Author

Edition: 2012

Price : Rs. 200/-

Title Designed by : Daljeet Saini

**Published by :**
Punjab Book Centre
Sector 22, Chandigarh
Tel. : 0172-2701952, 27855056

---

ਅਨੁਭਵ ਤੇ ਪ੍ਰਛਾਵੇਂ (ਕਾਵਿ-ਸੰਗ੍ਰਹਿ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

ਬੜੇ ਹੀ ਅਦਬ ਤੇ ਸਤਿਕਾਰ ਸਹਿਤ
ਆਪਣੇ ਗੁਰੂਦੇਵ
ਪ੍ਰੋ. ਰਣਜੀਤ ਸਿੰਘ ਬਾਜਵਾ ਜੀ ਨੂੰ ਸਮਰਪਿਤ

<u>ਇਸੇ ਕਲਮ ਤੋਂ</u>

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੁਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗ਼ਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012

## ਚਰਨ ਸਿੰਘ ਦਾ ਜੀਵਨ—ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947

ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ

ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ

ਪਤਨੀ : ਪ੍ਰਕਾਸ਼ ਕੌਰ

ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ

ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ

ਐਮ.ਏ. ਪੰਜਾਬੀ

ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

### ਛਪਾਈ ਅਧੀਨ ਪੁਸਤਕਾਂ

(1) ਹੰਝੂਆਂ ਦੇ ਦਰਿਆ (ਗੀਤਾਂ ਦਾ ਸੰਗ੍ਰਹਿ)
(2) ਮੈਂ ਪਗਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ)
(3) ਹੋਂਦ ਦੀ ਤਲਾਸ਼ (ਲੰਬੀ ਕਵਿਤਾ)
(4) ਬੁੱਕਲ (ਕਾਵਿ ਸੰਗ੍ਰਹਿ)
(5) ਕੁਕਨੂਸ (ਕਾਵਿ ਸੰਗ੍ਰਹਿ)
(6) ਕੋਰਾ ਕਾਗਜ਼ (ਕਾਵਿ ਸੰਗ੍ਰਹਿ)
(7) ਮੈਲੀ ਧਰਤੀ (ਕਾਵਿ ਸੰਗ੍ਰਹਿ)
(8) ਸੰਤੁਲਨ (ਕਾਵਿ ਸੰਗ੍ਰਹਿ)
(9) ਖ਼ਾਲੀ ਘਰ (ਕਾਵਿ ਸੰਗ੍ਰਹਿ)
(10) ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ)
(11) ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ)
(12) ਪ੍ਰਦਰਸ਼ਨੀ (ਕਾਵਿ ਸੰਗ੍ਰਹਿ)
(13) ਸਮਾਧੀ (ਕਾਵਿ ਸੰਗ੍ਰਹਿ)
(14) ਖੰਭ ਤੇ ਪ੍ਰਵਾਜ਼ (ਕਾਵਿ ਸੰਗ੍ਰਹਿ)
(15) ਮੁਕਤੀ (ਲੰਬੀ ਕਵਿਤਾ)
(16) ਕਾਂਤੀ (ਕਾਵਿ ਸੰਗ੍ਰਹਿ)
(17) ਹਸਤਨਾਪੁਰ (ਕਾਵਿ ਸੰਗ੍ਰਹਿ)
(18) ਜਗਿਆਸਾ (ਕਾਵਿ ਸੰਗ੍ਰਹਿ)
(19) ਪ੍ਰਦੂਸ਼ਨ (ਕਾਵਿ ਸੰਗ੍ਰਹਿ)
(20) ਬਸਤੀ ਤੇ ਸ਼ਹਿਰ (ਕਾਵਿ ਸੰਗ੍ਰਹਿ)
(21) ਅਰਥ (ਕਾਵਿ ਸੰਗ੍ਰਹਿ)
(22) ਸੁਰਖਸ਼ਾ (ਕਾਵਿ ਸੰਗ੍ਰਹਿ)
(23) ਮਹਿਮਾ (ਕਾਵਿ ਸੰਗ੍ਰਹਿ)
(24) ਆਗਮਨ (ਕਾਵਿ ਸੰਗ੍ਰਹਿ)
(25) ਚੁੱਪ ਦੀ ਅਵਾਜ਼ (ਕਾਵਿ ਸੰਗ੍ਰਹਿ)
(26) ਕਿਵ ਸੱਚਿਆਰਾ ਹੋਈਐ (ਨਾਟਕ)

## ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD sOF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੂਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ
ਚਰਨ ਸਿੰਘ ਦੀਆਂ ਪੁਸਤਕਾਂ ਤੇ Ph.D. ਕੀਤੀ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


1. ਮੇਰਾ ਸਾਇਆ
2. ਮੇਰਾ ਅੰਤਰੀਵ
3. ਰਾਖ਼ ਚੋਂ ਉੱਗਿਆ ਜੰਗਲ
4. ਪੈਰਾਂ ਦਾ ਸਫ਼ਰ
5. ਫੁੱਲ ਦਾ ਚਿਹਰਾ
6. ਖ਼ੁਸ਼ਬੂ ਦਾ ਬਦਨ
7. ਅਹਸਤੀ
8. ਆਸਰਾ
9. ਅਨੁਭਵ
10. ਫ਼ਜ਼ੂਲ
11. ਗ਼ਧਾ
12. ਮੁਫਲਸੀ
13. ਤੂੰ ਹੈਂ ਤਾਂ
14. ਸਵੈ ਦੀ ਤਲਾਸ਼
15. ਦੀਦਾਰ ਦੀ ਹਸਰਤ
16. ਤਮਾਸ਼ਾ
17. ਨੇਕੀ
18. ਪ੍ਰਾਹੁਣਾ
19. ਉਹ ਕੁੜੀ
20. ਸਥੂਲ ਲੋਕ.

## ਮੇਰਾ ਸਾਇਆ

ਮੇਰਾ ਸਾਇਆ
ਦੁਨੀਆਂ ਹੈ
ਜਿਸ ਦੀ ਨਜ਼ਰ 'ਚ
ਜੋ ਜ਼ਹਿਰ ਹੈ
ਮੇਰੀ ਨਜ਼ਰ 'ਚ
ਉਹ ਅੰਮ੍ਰਿਤ ਹੈ

-0-

ਮੇਰੇ ਨਾਲ ਤੁਰਦਾ ਹੈ
ਮੇਰਾ ਲਹੂ
ਮੇਰੀ ਊਰਜਾ
ਮੇਰੀ ਸਰੀਰਕ ਕਾਰਜ ਪ੍ਰਣਾਲੀ
ਮੈਨੂੰ ਲੈ ਆਉਂਦੀ ਹੈ
ਉਥੇ
ਜਿੱਥੇ ਮੇਰੇ ਤੋਂ ਸਿਵਾ
ਕੋਈ ਨਹੀਂ
ਮੇਰੀ ਨਜ਼ਰ ਹੈ
ਅੰਮ੍ਰਿਤ ਹੈ
ਸਾਇਆ ਮੇਰੇ ਤੋਂ
ਬਹੁਤ ਪਿੱਛੇ ਰਹਿ ਗਿਆ ਹੈ

ਆਪਣੀਆਂ
ਨਜ਼ਰਾਂ ਦੇ ਜ਼ਹਿਰ 'ਚ
ਗੁਆਚ ਗਿਆ ਹੈ

-0-

ਇਸ ਪੜਾਅ ਤੇ
ਸਾਏ ਦਾ ਭਰਮ
ਸਾਏ ਦੀ ਨਜ਼ਰ ਦਾ ਸੱਚ
ਮੇਰੇ ਚੋਂ
ਨੁਚੜ ਗਿਆ ਹੈ
ਮੈਂ ਆਪਣੀਂ ਦੇਹ ਦਾ
ਸੱਚ ਹਾਂ
ਨਜ਼ਰ ਦੇ ਨਜ਼ਰੀਏ ਦਾ
ਸੱਚ ਹਾਂ
ਆਪਣੇ ਪੈਰਾਂ ਤੇ ਤੁਰਦਾ
ਆਪਣੇ ਨਜ਼ਰੀਏ ਦਾ
ਅੰਮ੍ਰਿਤ ਸੱਚ
ਬੀਜਦਾ ਜਾ ਰਿਹਾ ਹਾਂ
ਆਪਣੀ
ਧਰਤੀ ਤੇ ਅੰਮ੍ਰਿਤ ਦੇ ਰੁੱਖ
ਉੱਗਾ ਰਿਹਾ ਹਾਂ
ਜਿਨ੍ਹਾਂ ਰੁੱਖਾਂ ਦੀ

ਪਹਿਚਾਣ ਲਈ
ਸਾਏ ਦੇ ਦਰਪਣ ਦੀ
ਲੋੜ ਨਹੀਂ

-0-

ਦੁਨੀਆਂ
ਮੇਰਾ ਸਾਇਆ
ਸਾਏ ਦਾ ਸੱਚ ਜਿਸਮ ਹੈ
ਜੋ ਮੈਂ ਹਾਂ
ਜਿਸ ਦੀ ਨਜ਼ਰ
ਨਜ਼ਰੀਆ ਸੱਚ ਹੈ
ਸਾਏ ਦੀ ਨਜ਼ਰ
ਨਜ਼ਰੀਆ ਭਰਮ ਹੈ
ਸਾਏ ਦਾ ਕਾਰਜ ਕਰਮ
ਤੇ ਫੱਲ ਭਰਮ ਦਾ

-0-

ਸਾਏ ਦੀ ਨਜ਼ਰ ਤੋਂ
ਆਪਣੇ ਨਜ਼ਰੀਏ ਨੂੰ
ਪਰਖਣਾ
ਜਾਂ
ਆਪਣੀਆਂ ਅੱਖਾਂ ਤੇ
ਸਾਏ ਦੀਆਂ ਅੱਖਾਂ
ਲਾ ਕੇ ਵੇਖਣਾ

ਜ਼ਿੰਦਗੀ 'ਚ
ਕਬਰਾਂ ਬੀਜਣਾ ਹੈ
ਜਿਉਂਦੇ ਜੀਅ ਮਰਨਾ ਹੈ
ਸਾਏ ਦੀ
ਆਪਣੀ ਕੋਈ ਹਸਤੀ
ਨਹੀਂ
ਕੋਈ ਵਜੂਦ ਨਹੀਂ
ਸਾਇਆ ਖ਼ਾਲੀ ਖੋਲ੍ਹ ਹੈ
ਜਿਸ ਵਿਚ
ਜ਼ਿੰਦਗੀ ਮੌਜੂਦ ਨਹੀਂ
ਸਾਇਆ
ਦੇਹ ਦਾ ਸੱਚ ਨਹੀਂ
ਸਾਇਆ
ਦੇਹ ਚੋਂ ਮਨਫ਼ੀ ਅਗਤੀ
ਦਾ ਰੂਪ ਹੈ

-0-

ਦੁਨੀਆਂ
ਮੇਰਾ ਸਾਇਆ ਹੈ
ਜਿਸ ਦੀ ਨਜ਼ਰ 'ਚ
ਮੇਰੀ ਦੇਹ ਦਾ ਸੱਚ
ਇਕ ਬਿੰਦੂ ਹੈ

ਜਿਸ ਦੁਆਲੇ
ਮੇਰੇ ਸਾਏ ਦਾ ਦਾਇਰਾ ਹੈ
ਇਹ ਦਾਇਰਾ
ਇਹ ਨਹੀਂ ਜਾਣਦਾ
ਕਿ ਮੈਂ ਬੱਦਲ ਦੀ
ਉਹ ਕਣੀ ਹਾਂ
ਜਿਸ ਸਦਕਾ
ਇਹ ਦਾਇਰਾ ਹਰਾ ਹੈ
ਮੈਂ ਨਹੀਂ ਤਾਂ
ਇਹ ਦਾਇਰਾ
ਸਾਰੇ ਦਾ ਸਾਰਾ ਸਹਿਰਾ ਹੈ
ਇਸ ਸਾਏ ਦੇ
ਦਾਇਰੇ ਦੀ ਹਸਤੀ
ਮੇਰੇ ਬਿੰਦੂ 'ਚ ਮੌਜੂਦ ਹੈ
ਮੇਰੇ ਤੋਂ ਬਿਨਾਂ
ਇਸ ਦੀ ਕੀ ਹਸਤੀ ਹੈ
ਕੀ ਹੋਂਦ ਹੈ ਕੀ ਸੱਚ ਹੈ
ਕੀ ਵਜੂਦ ਹੈ

----

## ਮੇਰਾ ਅੰਤਰੀਵ

ਮੈਂ
ਹਰ ਚੌਰਾਹੇ 'ਚ
ਉਤਰਿਆ ਹਾਂ
ਹਰ ਚੌਰਾਹਾ
ਮੇਰੇ 'ਚ ਉਤਰਿਆ ਹੈ
ਮੇਰੇ 'ਚ
ਉਤਰਿਆ ਚੌਰਾਹਾ
ਦਿਸ਼ਾਵਾਂ ਤੇ ਰਾਹ ਭੁੱਲ
ਗਿਆ-
ਮੈਂ ਚੌਰਾਹੇ 'ਚ ਉਤਰਿਆ
ਚੌਰਾਹੇ ਦੇ ਦਰ
ਦਿਸ਼ਾਵਾਂ ਤੇ ਰਾਹਾਂ ਲੈ ਆਇਆ

-0-

ਮੇਰੇ ਅੰਦਰਲੇ ਚੌਰਾਹੇ ਚੋਂ
ਕੋਈ ਵੀ ਰਸਤਾ
ਬਾਹਰ ਨਹੀਂ ਜਾਂਦਾ
ਮੇਰੇ ਤੋਂ ਸ਼ੁਰੂ ਹੋ ਕੇ
ਮੇਰੇ ਤੇ ਹੀ ਮੁੱਕਦਾ ਹੈ
ਮੇਰਿਆਂ ਪੈਰਾਂ 'ਚ ਭੌਂਦਾ ਹੈ
ਮੇਰੀਆਂ ਰਾਹਾਂ ਤੇ ਤੁਰਦਾ ਹੈ

ਆਪਣਿਆਂ ਪੈਰਾਂ
ਤੇ ਰਾਹਾਂ 'ਚ
ਗਤੀਸ਼ੀਲ ਹੋਣ ਤੋਂ ਪਹਿਲਾਂ
ਹੀ ਮੁੱਕਦਾ ਹੈ

-0-

ਮੇਰੇ ਚੋਂ
ਕਈ ਸੜਕਾਂ ਤੇ ਗਲੀਆਂ
ਨਿਕਲੀਆਂ ਹਨ
ਜੋ ਅੱਜ ਤਕ ਨਹੀਂ
ਪਰਤੀਆਂ
ਕੰਡ ਦੇ ਕੇ ਤੁਰ ਗਈਆਂ
ਹਨ
ਉਨ੍ਹਾਂ ਦੀ ਕੰਡ ਤੇ
ਲਿਖਿਆ ਹੈ
ਮੈਂ ਚੁੱਪ ਹਾਂ
ਉਦਾਸੀ ਹਾਂ ਉਜਾੜ ਹਾਂ
ਉਨ੍ਹਾਂ ਦੇ ਨੈਣਾਂ 'ਚ ਸ਼ੋਰ ਹੈ
ਅੰਗਾਂ ਤੇ ਨਖ਼ਸ਼ਾਂ 'ਚ ਰੌਣਕ ਹੈ
ਚਿਹਰੇ ਤੇ ਲਿਖਿਆ
ਬਹਾਰ ਹੈ

-0-

ਮੇਰੇ ਚੋਂ
ਕਈ ਚਿਹਰੇ ਨਿਕਲੇ ਹਨ

ਜਦ ਕਦੀ
ਸੜਕਾਂ ਬਜ਼ਾਰਾਂ 'ਚ
ਮਿਲਦੇ ਹਨ
ਤਾਂ
ਮੈਨੂੰ ਪਹਿਚਾਣਦੇ ਨਹੀਂ
ਮੇਰੇ ਅੰਦਰ ਬਲਦਾ ਸਿਵਾ
ਸਿਆਣਦੇ ਨਹੀਂ
ਮੈਂ ਤੇ ਉਨ੍ਹਾਂ ਨੂੰ
ਇਸ ਲਈ ਬਦਸੂਰਤ
ਕਰ ਦਿੱਤਾ
ਕਿ ਮੈਨੂੰ ਛੱਡ ਕੇ ਤੁਰ ਜਾਣ
ਨਾ ਕਿਧਰੇ
ਕੀ ਪਤਾ
ਪਰਤਕੇ ਅਉਣ ਨਾ ਕਿਧਰੇ

-0-

ਮੈਂ
ਆਪਣੀ ਕਰੂਪਤਾ 'ਚ
ਉਨ੍ਹਾਂ ਦੀ ਸੁੰਦਰਤਾ ਘੋਲ
ਲੈਂਦਾ ਹਾਂ
ਉਨ੍ਹਾਂ ਦੇ ਆਸਰੇ
ਆਪਣੀ ਚੁੱਪ ਤੇ ਉਦਾਸੀ ਚੋਂ

ਬੋਲ ਪੈਂਦਾ ਹਾਂ
ਇਕ ਪਲ ਜਿਉਣ ਲਈ
ਜ਼ਿੰਦਗੀ ਦੀ ਰੌਣਕ ਲਈ
ਉਜਾੜਾਂ ਦਾ ਦਰ ਖੋਲ੍ਹ ਲੈਂਦਾ ਹਾਂ
ਇਕ ਪਲ ਜਿਉਣ ਲਈ
ਉਨ੍ਹਾਂ ਦਾ ਹੋਣ ਲਈ
ਛੱਡ ਕੇ ਤੁਰ ਗਈਆਂ
ਸੜਕਾਂ ਤੇ ਗਲੀਆਂ ਨੂੰ
ਪੁਕਾਰਦਾ ਹਾਂ
ਉਜੜੇ ਚੌਰਾਹਿਆਂ ਨੂੰ
ਆਪਣੇ 'ਚ ਉਤਾਰਦਾ ਹਾਂ
ਚੁੱਪਾਂ ਉਦਾਸੀਆਂ ਤੇ ਉਜਾੜਾਂ
ਆਪਣੇ ਅੰਤਰੀਵ 'ਚ ਸੰਭਾਲਦਾ
ਹਾਂ
ਰੰਗ ਰੌਣਕਾਂ ਹਾਸੇ ਤੇ
ਖ਼ੁਸ਼ੀਆਂ
ਚੌਕਾਂ ਚੌਰਾਹਿਆਂ ਸੜਕਾਂ
ਤੇ ਗਲੀਆਂ 'ਚ
ਖਲਾਰਦਾ ਹਾਂ

----

## ਰਾਖ਼ ਚੋਂ ਉੱਗਿਆ ਜੰਗਲ

ਇਸ ਜੰਗਲ ਦੀ ਚੁੱਪ ਵੀ
ਬੜੀ ਅਜ਼ੀਬ ਹੈ
ਬੋਲਦੀ ਹੈ
ਪਰ ਸੁਣਦੀ ਨਹੀਂ

-0-

ਜੰਗਲ
ਤੁਰਨ ਲਗਦਾ ਹੈ
ਭੁਰਨ ਲਗਦਾ ਹੈ
ਸੜਨ ਲਗਦਾ ਹੈ
ਖ਼ੁਰਨ ਲਗਦਾ ਹੈ
ਆਪਣੀ ਹਰਿਆਵਲ ਨੂੰ
ਉਬਾਲਦਾ ਹੈ
ਭਾਫ਼ ਦੇ ਰੂਪ 'ਚ ਉਤਾਰਦਾ ਹੈ
ਬੱਦਲ ਬਣਦਾ ਹੈ
ਤੇ ਆਪਣੀ ਹੀ ਰਾਖ਼ ਤੇ
ਵਰ੍ਹਨ ਲਗਦਾ ਹੈ

-0-

ਰਾਖ਼ ਚੋਂ
ਇਕ ਨਵਾਂ ਜੰਗਲ
ਉੱਗਦਾ ਹੈ

ਜੋ ਰੁੱਖਾਂ ਮੁਤਾਬਕ
ਜੰਗਲੀ ਜੀਵਨ ਸਿਰਜਦਾ ਹੈ
ਹਰ ਇਕ ਰੁੱਖ ਦਾ
ਆਪਣਾ ਆਪਣਾ ਸੱਚ ਹੈ
ਸਾਰੇ ਰੁੱਖਾਂ ਦਾ
ਜੰਗਲ ਸਰਬ ਸੱਚ ਹੈ

-0-

ਪੱਤਿਆਂ ਦਾ ਨਵਾਂ ਰੂਪ ਹੈ
ਟਹਿਣੀਆਂ ਦਾ ਨਵਾਂ ਸਰੂਪ ਹੈ
ਫੁੱਲਾਂ ਦਾ ਰੰਗ ਵੱਖਰਾ ਹੈ
ਫੱਲਾਂ ਦਾ ਰੱਸ ਵੱਖਰਾ ਹੈ
ਜੜ੍ਹ ਜਲ ਧਰਤੀ ਚੋਂ ਨਹੀਂ
ਅੰਬਰ ਚੋਂ ਸੀਕਦੀ ਹੈ
ਰੁੱਖਾਂ ਦੇ ਚਿਹਰੇ ਨਵੇਂ ਹਨ
ਰੰਗ ਰੂਪ ਤੇ ਨੁਹਾਰ ਵੱਖਰੀ ਹੈ
ਰੁੱਖਾਂ ਦੇ ਪਿੰਡੇ 'ਚ
ਅੰਧਵਿਸ਼ਵਾਸ਼ ਦੀ ਥਾਂ
ਸੱਚ ਦੇ ਸੂਰਜ ਜਗਦੇ ਹਨ
ਜੋ ਰੁੱਖਾਂ ਦੇ ਅੰਦਰ ਤੇ ਬਾਹਰ
ਚਾਨਣ ਕਰਦੇ ਹਨ

-0-

ਰੁੱਖਾਂ
ਆਪਣੀ ਸੀਮਾਂ ਸੰਭਾਵਨਾਂ
ਤੋਂ ਬਾਹਰ ਵਿਚਰਦੇ ਹਨ

ਰੁੱਖਾਂ ਦਾ ਹਰ ਪੱਤਾ
ਜੰਗਲ ਦੇ ਮਦਰੱਸੇ ਚੋਂ
ਹਾਣ ਦੀ ਭਾਸ਼ਾ
ਅਨੁਸ਼ਾਸਨ ਤੇ
ਜੰਗਲ ਲਈ ਕੁਰਬਾਨੀ ਦਾ
ਕਿਰਦਾਰਿਕ ਸੱਚ
ਸਿੱਖਦਾ ਹੈ
ਆਪਣੇ ਆਦਰਸ਼
ਸੁੰਦਰਤਾ ਤੇ ਸਵੈ ਅਭਿਮਾਨ
ਲਈ
ਮਰ ਮਿਟਦਾ ਹੈ

-0-

ਜੰਗਲ 'ਚ
ਜੰਗਲ ਦਾ ਰਾਜ ਨਹੀਂ
ਹਰ ਰੁੱਖ ਕੋਲ
ਆਪਣਾ ਸੱਚ ਜਾਣਨ ਲਈ
ਆਪਣਾ ਚਿਰਾਗ ਹੈ
ਨਾ ਮੰਗਵੀਂ ਹਵਾ ਹੈ
ਨਾ ਮੰਗਵੀਂ ਬਹਾਰ ਹੈ
ਜੰਗਲੀ ਜੀਵਨ 'ਚ
ਜੋ ਕੁੱਝ ਵੀ ਵਿਚਰਦਾ ਹੈ
ਰੁੱਖਾਂ ਦਾ ਆਪਣਾ ਹੈ
ਜੰਗਲ ਚੋਂ ਰੁੱਖਾਂ ਦਾ

ਰੁੱਖਾਂ ਚੋਂ ਜੰਗਲ ਦਾ
ਸੱਚ ਜਗਦਾ ਹੈ

-0-

ਪੰਛੀਆਂ ਤੋਂ
ਆਲ੍ਹਣੇ ਦੇ ਇਵਜ਼ 'ਚ
ਜੰਗਲ ਕੁੱਝ ਨਹੀਂ ਲੈਂਦਾ
ਸਗੋਂ ਪੰਛੀਆਂ ਦਾ ਖਾਣਾ
ਪੀਣਾ ਰਹਿਣਾ ਤੇ ਸੁਰੱਖਿਆ
ਜੰਗਲ ਪ੍ਰਦਾਨ ਕਰਦਾ ਹੈ
ਪੰਛੀਆਂ ਦੀ ਜਾਨ
ਮਾਲ ਲਈ
ਜੰਗਲ ਆਪਣਾ ਸਿਰ
ਤਲੀ ਤੇ ਧਰਦਾ ਹੈ
ਪੰਛੀ ਆਪਣੇ ਬੋਲਾਂ
ਆਪਣੇ ਸੰਗੀਤ ਨਾਲ
ਜੰਗਲ ਦਾ ਮਨੋਰੰਜਨ
ਕਰਦੇ ਹਨ
ਜੰਗਲ ਦਾ ਵਾਤਾਵਰਨ
ਸੁੰਦਰ ਖ਼ੁਸ਼ਹਾਲ ਤੇ
ਰਮਣੀਕ ਰੱਖਦੇ ਹਨ
ਜੰਗਲ ਦੀ
ਆਰਤੀ ਉਤਾਰਦੇ ਹਨ
ਜੰਗਲ ਦੇ ਚਰਨੀਂ
ਸ਼ਰਧਾ ਦੇ ਫੁੱਲ ਧਰਦੇ ਹਨ

-0-

ਨਵੇਂ ਉੱਗੇ ਜੰਗਲ਼ ਦਾ
ਆਪਣਾ ਹੀ ਰੰਗ ਮੰਚ ਹੈ
ਆਪਣੀ ਕਥਾ
ਆਪਣਾ ਕਿਰਦਾਰ
ਆਪਣਾ ਸੰਗੀਤ ਹੈ
ਬਿੰਦੂਆਂ ਤੋਂ
ਦਾਇਰਿਆਂ 'ਚ ਫੈਲੀ
ਨਵੇਂ ਜੰਗਲ ਦੀ ਪ੍ਰੀਤ ਹੈ
ਆਪਣੀ ਬੋਲੀ
ਆਪਣਾ ਵਾਰਤਾਲਾਪ
ਆਪਣਾ ਸੰਵਾਦ
ਆਪਣਾ ਸੂਤਰਧਾਰ ਹੈ
ਜੰਗਲ
ਆਪਣੇ ਭੂਤ ਦੀ ਢਹਿੰਦੀ
ਕਲਾ ਤੋਂ ਆਜ਼ਾਦ ਹੈ
ਜੰਗਲ
ਅਭੀਨੇਤਾ ਵੀ ਹੈ
ਅਭੀਨੈ ਵੀ ਹੈ ਦਰਸ਼ਕ ਵੀ ਹੈ
ਨਾ ਕੋਈ ਵੈਰੀ
ਨਾ ਹੀ ਬੇਗਾਨਾ
ਆਪਣੇ ਆਪ ਦਾ
ਰਖ਼ਸ਼ਕ ਵੀ ਹੈ

----

## ਪੈਰਾਂ ਦਾ ਸਫ਼ਰ

<u>ਪੈਰ ਇਕ :-</u>

ਉਹ ਪੈਰਾਂ ਦੀ ਭੀੜ
ਹੇਠ ਭੁਰਦਾ ਜਾ ਰਿਹਾ
ਸੀ
ਆਪਣਾ ਸੱਚ ਭਾਲਦਾ
ਭੁਰਦਾ ਖੁਰਦਾ ਜੁੜਦਾ
ਜਾ ਰਿਹਾ ਸੀ
ਜੋ ਪਹਾੜ
ਆਪਣੀ ਹਸਤੀ ਮਿਟਾ
ਜ਼ਰਾ ਹੋ ਜਾਏ
ਜ਼ਰਿਆਂ ਦੇ ਪੈਰਾਂ ਦੀ ਧੂੜ
ਹੋ ਜਾਏ
ਤਾਂ ਉਹ
ਆਪਣੀ ਹੋਂਦ ਦਾ ਸੱਚ
ਪਾ ਸਕਦਾ ਹੈ
ਜ਼ਰੇ ਤੋਂ ਪਹਾੜ ਕਹਾ
ਸਕਦਾ ਹੈ

-0-

ਉਹ

ਜ਼ਰਿਆਂ ਦੇ ਪੈਰਾਂ ਦੀ ਭੀੜ ਹੇਠ
ਤੁਰਦਾ ਰਿਹਾ
ਕਦੀ ਧੂੜ ਬਣਿਆ ਕਦੀ ਘੱਟਾ
ਕਦੀ ਗੁਬਾਰ
ਪੈਰਾਂ ਦੀ ਭੀੜ ਹੇਠਾਂ
ਉਹ ਮਸਲਿਆ ਗਿਆ
ਨਾ ਪਹਾੜ ਹੀ ਰਿਹਾ
ਨਾ ਜ਼ਰਾ ਹੀ ਰਿਹਾ
ਬੇਨਾਮ ਦੁਨੀਆਂ 'ਚ
ਗੁਵਾਚ ਗਿਆ
ਉਸ ਨੂੰ ਕੁੱਝ ਵੀ ਨਾ
ਆਪਣਾ ਯਾਦ ਰਿਹਾ

-0-

## ਪੈਰ ਦੋ :-

ਉਹ ਪੈਰਾਂ ਦੀ ਭੀੜ ਹੇਠ
ਤੁਰਦਾ ਤਾਂ ਰਿਹਾ
ਪਰ ਜ਼ਰੇ ਵਾਂਗ ਨਹੀਂ
ਪਹਾੜ਼ ਵਾਂਗ
ਪਹਾੜ ਦੀ ਹਸਤੀ ਦਾ
ਅਹਿਸਾਸ
ਉਸਦੇ ਲਹੂ 'ਚ ਗਿੜਦਾ
ਰਿਹਾ
ਉਸਦੀਆਂ ਨਸਾਂ 'ਚ
ਜਿਉਂਦਾ ਰਿਹਾ
ਉਸਦੇ ਪ੍ਰਾਣਾਂ 'ਚ ਭੌਂਦਾ
ਰਿਹਾ
ਉਹ ਚੁੱਪ ਦੀ ਦੁਨੀਆਂ 'ਚ ਵੀ
ਆਪਣੇ ਸ਼ੋਰ ਨੂੰ
ਗਾਉਂਦਾ ਰਿਹਾ
ਪੈਰਾਂ ਦੇ ਹੇਠ ਆਇਆਂ ਵੀ
ਆਪਣੀ
ਮਾਨਸਿਕਤਾ 'ਚ ਪਹਾੜ
ਉਸਾਰਦਾ ਰਿਹਾ
ਆਪਣੇ ਜੁੱਸੇ 'ਚ ਪਹਾੜ
ਉਤਾਰਦਾ ਰਿਹਾ

-0-

**ਪੈਰ ਤਿੰਨ :-**

ਉਸਨੇ
ਆਪਣੇ ਸਿਰ 'ਚ
ਪੈਰਾਂ ਨੂੰ ਉਤਾਰਿਆ
ਆਪਣੇ ਵਜੂਦ ਚੋਂ
ਪਹਾੜ ਦੀ ਹਸਤੀ ਦਾ
ਅਹਿਸਾਸ ਨਿਚੋੜਿਆ
ਪਹਾੜ ਦੀ ਅਤੁੱਲਤਾ ਤੇ
ਅਕਾਰ ਨਾਲੋਂ
ਆਪਣਾ ਰਿਸ਼ਤਾ ਤੋੜਿਆ
ਜ਼ਰੇ ਦੀ ਨਾਚੀਜ਼ ਹਸਤੀ ਨੂੰ
ਜੀਵਿਆ
ਜ਼ਰੇ ਦੀ ਅਹਸਤੀ ਨਾਲ
ਆਪਣਾ ਨਾਤਾ ਜੋੜਿਆ
ਜਦ ਉਹ ਜ਼ਰਾ ਹੋ ਗਿਆ
ਉਸ ਚੋਂ
ਉਸਦੀ ਮੈਂ ਮਰ ਗਈ
ਉਸਦੇ ਮਸਤਕ 'ਚ
ਤੂੰ ਦੀ ਜਗਦੀ ਜੋਤ
ਧਰ ਗਈ
ਉਹ ਆਪਣੀ ਹੋਂਦ ਦੇ ਸੱਚ ਦੇ

ਦਰ ਤੇ ਆ ਗਿਆ
ਜ਼ਰੇ ਦੇ ਅਕਾਰ ਚੋਂ
ਪਹਾੜ ਪਾ ਗਿਆ

-0-

ਜੋ ਪਹਾੜ
ਹੁੰਦਿਆਂ ਹੋਇਆਂ ਵੀ
ਆਪਣੀ ਨਜ਼ਰ 'ਚ
ਜ਼ਰੇ ਸਮਾਨ ਸੀ
ਉਸਦੀ ਤੂੰ 'ਚ
ਉਸਦੀ ਮੈਂ ਦਾ ਨਹੀਂ
ਸਿਰਫ਼ ਤੂੰ ਦਾ ਸਥਾਨ ਸੀ
ਮੈਂ ਉਸਦੀ ਕਲਪਣਾ ਤੇ
ਚੇਤਨਾ ਤੋਂ ਬਾਹਰ ਸੀ
ਉਸਨੂੰ ਸਮਝ ਆਈ
ਭੀੜ ਦੇ ਪੈਰਾਂ 'ਚ ਰੁਲਣ ਦੀ
ਲੋੜ ਨਹੀਂ
ਆਪਣੇ ਆਪ ਤੇ
ਪੈਰ ਧਰ ਕੇ ਗੁਜ਼ਰਨ ਦੀ ਲੋੜ ਹੈ
ਭੀੜ ਦੇ ਪੈਰਾਂ 'ਚ ਰਹਿ
ਉਸਨੂੰ ਸਿਮਰਨ ਦੀ ਲੋੜ ਹੈ
ਨੀਵਿਆਂ ਅੰਦਰ ਅਤਿ ਨੀਵੇਂ ਹੋ ਕੇ
ਉਤਰਨ ਦੀ ਲੋੜ ਹੈ

----

## ਫੁੱਲ ਦਾ ਚਿਹਰਾ

ਲੋਹੇ ਦੇ ਜ਼ਰਾ ਬਖ਼ਤਰ 'ਚ
ਇਕ ਫੁੱਲ ਦਾ ਜਿਸਮ
ਕਲੀਆਂ ਦੀ ਖ਼ੁਸ਼ਬੂ ਜਿਹਾ
ਖਿੰਦਾ ਦੇ ਮੁਲਾਇਮ ਚਿਹਰਾ
ਚਿਹਰੇ ਤੇ
ਪਿਆਰ ਧਰਮ ਤੇ
ਇਨਸਾਨੀਅਤ ਦੇ ਜ਼ਖ਼ਮਾਂ
ਦੇ ਦਾਗ਼

-0-

ਝੱਖੜਾਂ
ਤੂਫਾਨਾਂ
ਹਨ੍ਹੇਰੀਆਂ ਨੂੰ
ਮੁੱਠ 'ਚ ਫੜਨ ਦੇ ਅਰਮਾਨ
ਬੰਨ੍ਹ ਕੇ ਬੁੱਚਕੀ ਧਰਤ ਦੀ
ਇਰਾਦਾ
ਪੈਰਾਂ ਹੇਠ ਧਰਨ ਦਾ ਅਸਮਾਨ
ਕੈਦ ਕਰਨਾ ਸਮੇਂ ਨੂੰ
ਜਿਸਦਾ ਧਿਆਨ
ਚਿਹਰੇ ਤੇ ਜੋਸ਼ ਦੇ
ਬਲਦੇ ਭਾਂਬੜ
ਅੱਖਾਂ 'ਚ ਰੰਜਸ਼ ਤੇ ਜਲਾਲ

ਦੇਹ 'ਚ
ਉਬਲਦੇ ਲਹੂ ਦੇ
ਉਬਾਲ
ਦਾਵਾਨਲ ਦੇ
ਇਕ ਹੱਥ 'ਚ ਢਾਲ
ਦੂਜੇ ਹੱਥ 'ਚ ਤਲਵਾਰ
ਪੌਣਾਂ ਦੇ ਘੋੜੇ ਤੇ ਸਵਾਰ

-0-

ਤੱਕਿਆ
ਉਸਦੇ ਨੈਣਾਂ ਜਦੋਂ
ਪਿਆਰ 'ਚ ਭਿੱਜਿਆ
ਬਦਨ
ਨੀਹਾਂ 'ਚ ਚਿਣਿਆ ਗਿਆ
ਖ਼ੁਸ਼ਬੂਆਂ ਰੌਣਕਾਂ ਦੁਆਲੇ
ਪੱਥਰੀ ਕਿਲਿਆਂ ਨੂੰ
ਬੁਣਿਆ ਗਿਆ
ਰੌਸ਼ਨੀ ਨੂੰ
ਕੈਦ ਕਰਨ ਦਾ
ਸਿਲਸਿਲਾ ਕੀਤਾ ਗਿਆ
ਭਵਰੇਂ ਨੂੰ ਰੋਕਣ ਲਈ
ਕਲੀਆਂ ਦੁਆਲੇ

ਤਲਵਾਰਾਂ ਦੀ ਵਾੜ
ਕਰ ਦਿੱਤੀ ਗਈ
ਪ੍ਰਵਾਨੇ ਲਈ ਲਪੇਟ ਕੇ
ਸ਼ਮਾਂ
ਪ਼ੱਥਰਾਂ ਹੇਠ ਧਰ ਦਿੱਤੀ ਗਈ

-0-

ਜੀਵਨ ਦੇ ਸੋਮੇ ਤੇ
ਧਰਦਿਆਂ ਪੱਥਰ
ਉਸ ਤੋਂ ਨਾ ਜਰਿਆ ਗਿਆ
ਫੁੱਲ ਦੀਆਂ
ਅੱਖ੍ਹਾਂ ਚੋਂ ਅੱਥਰੂ ਡੁੱਲ੍ਹ ਗਏ
ਫੁੱਲ ਦੇ ਚਿਹਰੇ ਤੇ
ਪਿਆਰ ਧਰਮ ਤੇ
ਇਨਸਾਨੀਅਤ ਦੇ ਜ਼ਖ਼ਮ
ਦਾਗ਼ ਬਣਕੇ ਉੱਗ ਪਏ

-0-

ਖ਼ੁਸ਼ਬੂਆਂ ਦੀ ਜਾਤ ਨੀਵੀਂ
ਰੌਸ਼ਨੀ ਦੀ ਨਸਲ
ਉਨ੍ਹਾਂ ਦੀ ਨਹੀਂ
ਪ੍ਰਵਾਨਾ ਕੁੱਲੀ ਦਾ ਦੀਵਾ ਹੈ
ਸ਼ਮਾਂ ਮਿਸ਼ਾਲ ਮਹਿਲਾਂ ਦੀ ਹੈ
ਮੇਰਾ ਧਰਮ ਉੱਚਾ ਹੈ

ਤੇਰਾ ਧਰਮ ਨੀਵਾਂ ਹੈ
ਮੇਰਾ ਅੱਲ੍ਹਾ ਤੇਰੇ ਰੱਬ
ਤੋਂ ਵਡੇਰਾ ਹੈ
ਮੇਰਾ ਰੱਬ ਰੌਸ਼ਨ ਹੈ
ਤੇਰਾ ਅੱਲ੍ਹਾ ਹਨ੍ਹੇਰਾ ਹੈ
ਇਹ ਧਰਮ ਹੈ
ਧਰਮ ਲਈ
ਖ਼ੁਸ਼ਬੂ ਦੁਆਲੇ ਪੱਥਰ
ਧਰੋ
ਰੌਸ਼ਨੀ ਨੂੰ ਕੈਦ ਕਰੋ
ਪ੍ਰਵਾਨੇ ਦਾ ਸਿਰ
ਧੜ ਤੋਂ ਵੱਖਰਾ ਕਰੋ
ਧਰਮ ਦੀ ਹੈ ਅੱਗ ਨੇ
ਸਭ ਕੁੱਝ ਸਾੜਿਆ
ਖ਼ੁਸ਼ਬੂ ਰੌਸ਼ਨੀ ਤੇ ਪ੍ਰਵਾਨੇ ਨੂੰ
ਧਰਮ ਨੇ ਸੂਲੀ ਤੇ ਚਾੜ੍ਹਿਆ
ਧਰਮ ਦੀ ਕਰਨੀ
ਫੁੱਲ ਜ਼ਰ ਨਹੀਂ ਸਕਿਆ
ਇਕ ਘੁੱਟ ਜੀਵਨ ਦਾ
ਭਰ ਨਹੀਂ ਸਕਿਆ
ਫੁੱਲ ਦੀਆਂ ਅੱਖਾਂ ਚੋਂ
ਅੱਥਰੂ ਡੁੱਲ ਗਏ

ਫੁੱਲ ਦੇ ਚਿਹਰੇ ਤੇ
ਇਨਸਾਨੀਅਤ ਦੇ ਜ਼ਖ਼ਮ
ਦਾਗ਼ ਬਣਕੇ ਉੱਗ ਪਏ

-0-

ਇਨਸਾਨ ਦੀ ਦੁਨੀਆਂ 'ਚ
ਇਨਸਾਨੀਅਤ ਸੂਲੀ ਚੜ੍ਹੀ
ਪ੍ਰਵਾਨਾ ਖ਼ੁਸ਼ਬੂ ਤੇ ਰੌਸ਼ਨੀ
ਸੜੀ
ਭੀੜ ਦੀ ਅੱਖ 'ਚ
ਇਹ ਸਭ ਕੁੱਝ ਵਾਪਰਿਆ
ਭੀੜ ਦੀ ਅੱਖ ਨੇ
ਨਾ ਇਕ ਵੀ ਅੱਥਰੂ ਡੋਲ੍ਹਿਆ
ਇਹ ਵੀ ਇਨਸਾਨ
ਨਾ ਇਨਸਾਨਾਂ ਚੋਂ ਬੋਲਿਆ
ਇਨਸਾਨੀਅਤ ਦਾ ਸਿਵਾ
ਇਨਸਾਨ ਦੇ ਹੱਥਾਂ ਤੇ ਬਲ ਗਿਆ
ਬਲਦੇ ਸਿਵੇ ਵੱਲ
ਇਨਸਾਨ ਕੰਡ ਕਰ ਗਿਆ
ਇਨਸਾਨ ਦਾ ਇਹ ਰੂਪ
ਫੁੱਲ ਤੋਂ ਨਾ ਤੱਕਿਆ ਗਿਆ
ਫੁੱਲ ਦੇ ਪਿੰਡੇ ਭਾਂਬੜ ਮਚ ਗਿਆ

-0-

ਫੁੱਲ ਨੇ ਆਪਣੀ ਕੋਮਲਤਾ
ਰੰਗ ਰੂਪ ਤਿਆਗਿਆ
ਕਮਰ ਕੱਸੇ
ਸਿਰ ਤਲੀ ਤੇ ਧਰ ਲਿਆ
ਮੈਦਾਨੇ-ਜੰਗ 'ਚ ਆ ਗਿਆ
ਤਲਵਾਰ ਪਕੜੀ
ਲੋਹੇ ਦਾ ਜ਼ਰਾ-ਬਖ਼ਤਰ
ਪਹਿਨਿਆ
ਤੇ ਜ਼ੁਲਮ ਦੇ ਖ਼ਿਲਾਫ਼
ਲੜਣ ਲਈ
ਸਮੇਂ ਦੇ ਸਾਵੇਂ ਖਲੋ ਗਿਆ

----

## ਖ਼ੁਸ਼ਬੂ ਦਾ ਬਦਨ

ਮੈਂ ਤੋਤਲੇ ਬੋਲ
ਹਾਸੇ ਹੰਝੂ ਰੰਗ ਖ਼ੁਸ਼ਬੂਆਂ
ਫੁੱਲ ਕਲੀਆਂ
ਆਪਣੇ ਮੌਸਮ ਬਹਾਰਾਂ
ਰੁੱਤਾਂ
ਸਭ ਉਸਦੇ ਹਵਾਲੇ ਕਰ
ਦਿੱਤੇ ਹਨ
ਨੀਂਦਰ ਸੱਚ ਸੁਫ਼ਨੇ
ਸੁੰਦਰਤਾ
ਸਭ ਬੱਦਲ਼ਾਂ 'ਚ ਧਰ ਦਿੱਤੇ ਹਨ
ਬੱਦਲ ਅੰਬਰ ਤੇ ਛਾ ਗਏ
ਹਨ
ਮੈਂ ਚਾਹੁੰਦਾ ਹਾਂ
ਇਸ ਮੌਸਮ ਦੀ ਬਰਖ਼ਾ
ਤੂੰ ਆਪਣੇ ਨੰਗੇ ਬਦਨ ਤੇ
ਬਰਸਾਏਂ
ਆਪਣੇ ਬਦਨ ਚੋਂ
ਮੇਰੀ ਖ਼ੁਸ਼ਬੂ ਹੰਢਾਏਂ

-0-

ਮੇਰੀ ਤਰ੍ਹਾਂ ਹੀ

ਤੂੰ ਆਪਣਾ ਆਪਾ
ਸਾਰੀ ਕਾਇਨਾਤ 'ਚ ਘੋਲ ਦੇਵੇਂ
ਸਾਗਰਾਂ ਪਰਬਤਾਂ ਜੰਗਲਾਂ
ਚਸ਼ਮਿਆਂ ਝਰਨਿਆਂ 'ਚ
ਡੋਲ੍ਹ ਦੇਵੇਂ

-0-

ਮੈਂ ਆਪਣੀ ਹਸਤੀ
ਮਿਟਾ ਮਿੱਟੀ ਹੋ ਜਾਵਾਂਗਾ
ਤੇਰਾ ਘੋਲਿਆਂ ਤੇ ਡੋਲ੍ਹਿਆ
ਆਪਣੀ ਮਿੱਟੀ ਚੋਂ
ਉੱਗਾਵਾਂਗਾ
ਤੇਰਾ ਰੂਪ ਹੋ ਜਾਵਾਂਗਾ
ਤੇਰੇ ਅੰਗ ਨਕ਼ਸ਼ ਬਦਨ
ਤੇ ਚਿਹਰਾ ਕਹਾਵਾਂਗਾ

-0-

ਫਿਰ
ਜਦ ਤੇਰੇ ਬਦਨ ਚੋਂ
ਮੇਰੀ ਖ਼ੁਸ਼ਬੂ ਆਏਗੀ
ਮੇਰੀ ਸਿਰਜਣਾ ਕਹਾਏਗੀ
ਮੈਂ ਸਿਰਜਣਾ 'ਚ

ਉਤਰ ਜਾਵਾਂਗਾ
ਸਿਰਜਣਾ ਮੇਰੇ 'ਚ
ਉਤਰ ਜਾਵੇਗੀ
ਖ਼ੁਸ਼ਬੂ ਚੋਂ ਜਿਸਮ
ਜਿਸਮ ਚੋਂ ਖ਼ੁਸ਼ਬੂ
ਆਵੇਗੀ

-0-

ਜਿਸਮ ਖ਼ੁਸ਼ਬੂ
ਖ਼ੁਸ਼ਬੂ ਜਿਸਮ ਹੋ ਜਾਵੇਗਾ
ਮੇਰੀ ਖ਼ੁਸ਼ਬੂ ਦੀ
ਤੇਰੇ ਜਿਸਮ ਦੀ
ਪਹਿਚਾਣ ਮਿਟ ਜਾਵੇਗੀ
ਨੂਰ ਦਾ ਨੂਰ
ਨਜ਼ਰ ਆਵੇਗਾ
ਜਿਸਦਾ ਕੋਈ ਰੰਗ ਨਹੀਂ
ਰੂਪ ਨਹੀਂ
ਚਿਹਰਾ ਨਹੀਂ ਵਜ਼ੂਦ ਨਹੀਂ
ਹੱਦ ਨਹੀਂ ਹਦੂਦ ਨਹੀਂ
ਜੋ ਸੱਚ ਸੁੰਦਰਤਾ ਤੇ ਕਲਿਆਣ ਹੈ
ਜੋ ਤੇਰੀ ਤੇ ਮੇਰੀ ਪਹਿਚਾਣ ਹੈ

----

## ਅਹਸਤੀ

ਮੈਂ ਜ਼ਰੇ 'ਚ ਢਲਿਆ
ਤੇ ਪਰਬਤ ਹੋ ਗਿਆ
ਜ਼ਹਿਰ ਪੀ ਕੇ
ਜ਼ਿੰਦਗੀ ਦਾ ਅੰਮ੍ਰਿਤ ਹੋ
ਗਿਆ
ਕਤਰਾ ਬਣਿਆ
ਤਾਂ ਸਾਗਰ ਹੋ ਗਿਆ
ਰੇਤ ਦੇ ਜ਼ਰੇ 'ਚ ਉਤਰਿਆ
ਸਹਿਰਾ ਹੋ ਗਿਆ
ਰੁੱਖ ਬਣ ਉੱਗਿਆ
ਤੇ ਜੰਗਲ ਹੋ ਗਿਆ
ਬੀਜ ਬਣ ਮਿੱਟੀ 'ਚ ਰਲਿਆ
ਤਾਂ ਕੁਦਰਤ ਹੋ ਗਿਆ
ਘਾਹ ਬਣ ਵਿਛਿਆ
ਤੇ ਅੰਬਰ ਹੋ ਗਿਆ

–0–

ਆਪਣੀ ਹਸਤੀ
ਮਿਟਾਉਂਦਾ ਹੀ ਗਿਆ
ਹਸਤੀਆਂ ਦੀ ਹਸਤੀ
ਪਾਉਂਦਾ ਹੀ ਗਿਆ

ਖ਼ਾਕ
ਖਲਕ ਦੇ ਪੈਰਾਂ ਦੀ
ਹੋਇਆ ਜਦੋਂ
ਥਾਲ਼ ਗਗਨ ਦਾ ਛੋਹਿਆ
ਤਦੋਂ
ਜਿਉਂਦੇ ਜੀਅ ਹੀ
ਮੋਇਆ ਜਦੋਂ
ਨੂਰ ਮਨੁੱਖ ਦੇ ਮੱਥੇ ਦਾ
ਹੋਇਆ ਤਦੋਂ

-0-

ਮਨੁੱਖ ਤੋਂ
ਮਨੁੱਖਤਾ 'ਚ ਫੈਲਦਾ ਗਿਆ
ਮਨੁੱਖੀ ਜੋਤ ਤੋਂ
ਮਨੁੱਖਤਾ ਦੀ ਜੋਤ ਹੋ ਗਿਆ
ਮਨੁੱਖਤਾ ਦੀ ਜੋਤ
ਵਿਸ਼ਵ ਦੇ ਕਣ ਕਣ 'ਚ
ਸਮਾ ਗਈ
ਹਸਤੀ ਤੋਂ ਅਹਸਤੀ ਹੋਏ
ਇਕ ਮਿੱਟੀ ਦੇ ਜ਼ਰੇ ਨੂੰ
ਬ੍ਰਹਿਮੰਡਾਂ ਦਾ ਖ਼ੁਦਾ ਬਣਾ ਗਈ

----

## ਆਸਰਾ

ਹੁਣ ਤੇਰਾ ਸੰਗ ਹੋਣਾ
ਨਾ ਹੋਣਾ
ਅਰਥਹੀਣ ਹੈ
ਸਿਰ ਤੇ ਸੜਦਾ
ਆਸਮਾਂ
ਪੈਰਾਂ 'ਚ
ਤਿੜਕੀ ਜ਼ਮੀਨ ਹੈ

–0–

ਸਹਿਰਾ ਦੀ ਤੱਪਸ਼ 'ਚ
ਸਾਇਆ ਵੀ
ਸਾਥ ਦੇਹ ਦਾ ਛੱਡ ਗਿਆ
ਹੁਣ ਰੁੱਖਾਂ ਦੀ ਛਾਂ
ਹੋਣਾ ਅਰਥਹੀਣ ਹੈ
ਬੱਦਲਾਂ ਦੀ ਛਾਂ ਹੋਣਾ
ਅਰਥਹੀਣ ਹੈ
ਹੁਣ ਤਾਂ ਸਿਰ ਦਾ ਸੂਰਜ
ਹੀ ਰੁੱਖ ਹੈ
ਸਹਿਰਾ ਹੀ
ਸਾਗਰ ਦਾ ਸੁੱਖ ਹੈ

–0–

ਕਿਸੇ ਦਾ ਸਾਥ
ਆਪਣੇ ਆਪ 'ਚ

ਕਮਜ਼ੋਰੀ ਦਾ ਅਹਿਸਾਸ ਹੈ
ਆਸਰਾ
ਹੀਣਭਾਵਨਾ ਜਨਮਦਾ ਹੈ
ਸਵੈ ਸ਼ਕਤੀ ਨੂੰ
ਦੀਮਕ ਵਾਂਗ ਲੱਗਦਾ ਹੈ

-0-

ਵਗਦੀਆਂ ਹਨ੍ਹੇਰੀਆਂ
ਝੱਖੜਾਂ ਤੂਫ਼ਾਨਾਂ 'ਚ
ਰੁੱਖਾਂ ਨੂੰ
ਕਿਹੜਾ ਆਸਰਾ ਹੈ
ਸਵੈ ਸ਼ਕਤੀ ਦੇ ਆਸਰੇ
ਝੱਖੜਾਂ ਹਨ੍ਹੇਰੀਆਂ ਤੂਫ਼ਾਨਾਂ
ਨਾਲ ਲੜਦੇ ਹਨ
ਲਿਫ਼ਦੇ ਹਨ
ਤਾਂ ਜਿਉਣਾ ਸਿੱਖਦੇ ਹਨ
ਖੜ੍ਹੇ ਰਹਿ ਕੇ ਜੜ੍ਹੋਂ ਉਖੜਦੇ ਹਨ
ਤਾਂ ਮਰਨਾ
ਸਿੱਖਦੇ ਹਨ

-0-

ਮਰਨ ਜਿਉਣ ਦਾ
ਅਹਿਸਾਸ

ਬਿਨ ਆਸਰੇ
ਆਪਣੇ ਆਪ ਤੇ
ਹੰਢਾਉਂਦੇ ਹਨ
ਇਹ ਰੁੱਖ ਹੀ ਹਨ
ਜੋ ਜਿਉਂਦੇ ਜੀਅ
ਆਪਣਾ ਸੱਚ ਪਾਉਂਦੇ ਹਨ
ਬਿਨ ਆਸਰੇ
ਜੀਵਨ ਗੁਜ਼ਾਰਦੇ ਹਨ
ਛਾਵਾਂ ਜਨਮਦੇ ਹਨ
ਸਿਰ ਤੇ ਪਿਘਲਦਾ
ਸੂਰਜ ਸਹਾਰਦੇ ਹਨ

-0-

ਬੇੜੀ ਤੇ ਤਰਨਾ
ਦਰਿਆ ਤਰਨਾ ਨਹੀਂ ਹੁੰਦਾ
ਜਲ ਦੇ ਪਿੰਡੇ ਚੋਂ
ਗੁਜ਼ਰਨਾ ਨਹੀਂ ਹੁੰਦਾ
ਜਲ ਦਾ ਪਿੰਡਾ ਹੰਢਾਉਣਾ
ਨਹੀਂ ਹੁੰਦਾ
ਦਰਿਆ ਤੇ ਫ਼ਤਹਿ
ਪਾਉਣਾ ਨਹੀਂ ਹੁੰਦਾ
ਤਰਨ ਦਾ ਭਰਮ
ਪਾਲਣਾ ਹੁੰਦਾ ਹੈ

ਬੇੜੀ ਤੇ
ਦਰਿਆ ਤਰਨਾ
ਕਿਨਾਰੇ ਤੇ
ਡੁੱਬਣ ਬਰਾਬਰ ਹੁੰਦਾ ਹੈ

-0-

ਬੇੜੀ ਤੇ ਮਨੁੱਖ ਨਹੀਂ
ਮਨੁੱਖ ਦਾ ਮੁਰਦਾ
ਅਹਿਸਾਸ ਤਰਦਾ ਹੈ
ਜੋ ਦਰਿਆ ਦੇ
ਇਕ ਕਿਨਾਰੇ ਤੋਂ ਦੂਜੇ
ਤੱਕ ਅੱਪੜਦਾ ਹੈ
ਦਰਿਆ ਦੀਆਂ ਬੂੰਦਾਂ ਜਿੰਨੀ
ਡੁੱਬਣ ਦੀ ਮੌਤ ਮਰਦਾ ਹੈ

-0-

ਆਸਰਾ ਤਾਂ ਰੱਬ ਦਾ ਵੀ
ਮਨੁੱਖ ਨੂੰ ਆਜ਼ਾਦ ਰੂਪ 'ਚ
ਜ਼ਿੰਦਗੀ ਦੀ ਨੰਗੀ ਤਲੀ
ਤੇ ਤੁਰਨ ਨਹੀਂ ਦਿੰਦਾ
ਆਪਣੀ ਮਰਜ਼ੀ ਨਾਲ
ਭੁਰਨ ਨਹੀਂ ਦਿੰਦਾ
ਜੁੜਨ ਨਹੀਂ ਦਿੰਦਾ

-0-

ਆਸਰੇ ਦੇ ਸਾਏ ਹੇਠ
ਮਨੁੱਖ ਅਪਾਹਜ ਹੁੰਦਾ ਹੈ
ਨਾ ਉਸਦਾ
ਆਪਣਾ ਹਸ਼ਰ ਹੁੰਦਾ ਹੈ
ਨਾ ਆਪਣਾ ਆਗਾਜ਼
ਹੁੰਦਾ ਹੈ
ਉਸ ਨੂੰ
ਨਾ ਰਾਹ ਸਵੀਕਾਰਦਾ ਹੈ
ਨਾ ਮੰਜ਼ਿਲ ਸਵੀਕਾਰਦੀ ਹੈ
ਨਾ ਜ਼ਿੰਦਗੀ
ਉਸ 'ਚ ਉਤਰਦੀ ਹੈ
ਨਾ ਉਸਨੂੰ ਜ਼ਿੰਦਗੀ
ਆਪਣੇ 'ਚ ਉਤਾਰਦੀ ਹੈ

-0-

ਆਸਰਾ ਮਰਨ ਬਰਾਬਰ ਹੈ
ਜ਼ਿੰਦਗੀ 'ਚ
ਕਬਰਾਂ ਧਰਨ ਬਰਾਬਰ ਹੈ
ਆਸਰਾ
ਪੁੰਗਰਦੇ ਬੀਜ ਤੇ
ਤਪਦਾ ਲੋਹਾ ਠਾਰਨਾ ਹੈ
ਆਸਰਾ

ਮਨੁੱਖ ਦੀ ਜੀਵਨ ਗਤੀ
ਨੂੰ ਮਾਰਨਾ ਹੈ
ਆਸਰਾ
ਸ਼ਕਤੀਹੀਣਤਾ ਦਾ ਸਬੂਤ ਹੈ
ਆਸਰਾ
ਵਿਜੈ ਦਾ ਪ੍ਰਤੀਕ ਨਹੀਂ
ਸਿਖ਼ੱਸ਼ਤ ਦਾ ਵਜ਼ੂਦ ਹੈ
ਆਸਰੇ ਦੀ ਭਾਲ
ਜਿਸ 'ਚ ਮੌਜ਼ੂਦ ਹੈ
ਉਹ ਜ਼ਿੰਦਗੀ ਦਾ ਮੁਜੱਸਮਾ ਨਹੀਂ
ਸ਼ਮਸ਼ਾਨ ਹੈ ਬੇਨੂਰ ਹੈ

----

## ਅਨੁਭਵ

ਦੁਨੀਆਂ ਦੇ ਵੇਦਾਂ ਗ੍ਰੰਥਾਂ
ਸ਼ਾਸਤਰਾਂ ਨੇ
ਜੋ ਵੀ ਕਿਹਾ ਹੈ
ਉਸ ਤੋਂ ਇਲਾਵਾ
ਬੜਾ ਕੁੱਝ ਕਹਿਣ ਲਈ
ਬਾਕੀ ਪਿਆ ਹੈ
ਜੋ ਵੀ ਸਫ਼ਰ
ਇਨ੍ਹਾਂ ਮੁਕਾਇਆ ਹੈ
ਉਸ ਸਫ਼ਰ ਦਾ
ਅਸਲ ਸੱਚ ਅਜੇ
ਬਕਾਇਆ ਹੈ

-0-

ਇਹ ਰਾਹ ਹਨ
ਜੋ ਉਸ ਰੌਸ਼ਨੀ ਦੇ
ਦੁਆਰ ਤਕ ਜਾਂਦੇ ਹਨ
ਉਸ ਰੌਸ਼ਨੀ ਦਾ
ਨਾ ਮਾਤਰ ਵਜੂਦ ਤੇ
ਜਲਵਾ ਵਿਖਾਉਂਦੇ ਹਨ
ਇਹ ਚਿਰਾਗਾਂ ਦੀ

ਉਹ ਲੋਅ ਹਨ
ਜੋ ਗਿਣਤੀ ਰਹਿਤ ਸੂਰਜਾਂ
ਦੇ ਤੇਜ਼ ਦੀ ਬਾਤ
ਪਾਉਂਦੇ ਹਨ

-0-

ਜੋ ਕਿਹਾ ਗਿਆ ਹੈ
ਉਸ ਨੇ ਭਾਸ਼ਾ ਦੇ ਬਸਤਰ
ਪਹਿਨੇ ਹਨ
ਜੋ ਬਾਕੀ ਰਿਹਾ ਹੈ
ਉਹ ਅਨੁਭਵ ਦੇ ਸਾਗਰ
ਦੇ ਸਾਗਰ 'ਚ
ਅਕਾਰ ਰਹਿਤ ਪਿਆ ਹੈ
ਜੋ ਚੇਤਨਾ ਦੀਆਂ
ਕਿਰਨਾਂ ਰਾਹੀਂ
ਅਨੁਭਵ 'ਚ
ਉਤਾਰਿਆ ਗਿਆ ਹੈ
ਅਨੁਭਵ 'ਚ
ਸਹਿਕਾਰਿਆ ਗਿਆ ਹੈ
ਜੋ ਅਲਿਖਿਆ ਹੈ
ਅਕੱਥਿਆ ਹੈ
ਅਨੁਭਵ ਦੇ ਰੰਗ 'ਚ ਹੀ

ਰੰਗਿਆ ਹੈ
ਜੋ ਅੱਖਰਾਂ 'ਚ ਸਮਾਂ
ਨਹੀਂ ਸਕਦਾ
ਅੱਖਰ ਅਨੁਭਵ ਦੀ
ਅਸੀਮਤਾ
ਪ੍ਰਗਟਾ ਨਹੀਂ ਸਕਦਾ

-0-

ਦੁਨੀਆਂ ਦੇ ਵੇਦਾਂ
ਗ੍ਰੰਥਾਂ ਸ਼ਾਸਤਰਾਂ ਦੇ ਰਾਹ
ਤੇ ਵੀ
ਮਨੁੱਖ ਨਹੀਂ ਤੁਰਦਾ
ਸਿਰਫ਼ ਅਨੁਭਵ ਤੁਰਦਾ ਹੈ
ਗ੍ਰੰਥ ਵੇਦ ਸ਼ਾਸਤਰ
ਬਾਹਾਂ ਖੋਲ੍ਹ ਕੇ
ਸਿਰਫ਼ ਅਨੁਭਵ ਨੂੰ ਹੀ
ਪੁਕਾਰ਼ਦੇ ਹਨ

-0-

ਅਨੁਭਵ ਨੂੰ ਹੀ
ਰੌਸ਼ਨੀ ਦੇ ਦਰ ਤੇ
ਉਤਾਰਦੇ ਹਨ

ਉਸ ਅਕਾਲ ਪੁਰਖ
ਦੇ ਦਰ ਤੋਂ ਅਗੇਰੇ
ਅਨੁਭਵ ਤੋਂ ਸਿਵਾ
ਕੋਈ ਵੀ ਵੇਦ ਗ੍ਰੰਥ —
ਸ਼ਾਸਤਰ ਜਾ ਨਹੀਂ ਸਕਦਾ
ਉਸ ਨੂਰ ਦਾ ਜਲਵਾ
ਅਨੁਭਵ ਤੋਂ ਬਿਨਾਂ
ਕੋਈ ਹੰਢਾ
ਨਹੀਂ ਸਕਦਾ

-0-

ਅਨੁਭਵ ਲਈ
ਸ਼ਬਦਾਂ ਦੇ ਦਰ ਸੌੜੇ
ਹਨ
ਅਰਥਾਂ ਦੇ ਅਕਾਰ ਭੀੜੇ
ਹਨ
ਅਨੁਭਵ ਦੇ ਸੰਕਲਪ 'ਚ
ਉਸ ਅੱਲ੍ਹਾ ਦਾ
ਸਾਖ਼ਸ਼ਾਤ ਰੂਪ ਮੌਜੂਦ ਹੈ
ਉਸਦੇ ਨੈਣ ਨਕ਼ਸ਼ ਅੰਗ
ਚਿਹਰਾ ਵਜੂਦ ਹੈ
ਅਨੁਭਵ 'ਚ

ਉਸਦੀ ਪਹਿਚਾਣ ਹੈ
ਉਸਦੀ ਹੋਂਦ ਦੇ ਸੱਚ
ਦੀ ਸਿਆਣ ਹੈ
ਅਨੁਭਵ ਜਦ
ਉਸਦੇ ਜਿੱਡਾ ਉੱਚੇਰਾ
ਹੋ ਗਿਆ
ਅਨੁਭਵ ਦੇ ਸਾਗਰ 'ਚ
ਉਸ ਨੂਰ ਦੇ ਸਾਗਰ ਦੇ
ਸਾਗਰਾਂ ਦਾ ਡੇਰਾ ਹੋ
ਗਿਆ
ਅਨੁਭਵ ਹੀ
ਰਾਮ ਕ੍ਰਿਸ਼ਨ ਬੁੱਧ
ਨਾਨਕ ਈਸਾ ਦਾ ਨਾਮ ਹੈ
ਅਨੁਭਵ ਹੀ
ਮਨੁੱਖ ਦੇ ਰੂਪ 'ਚ
ਰੱਬ ਦੀ ਪਹਿਚਾਣ ਹੈ

-0-

ਗੁਰਬਾਣੀ ਦਾ
ਖ਼ੁਦ ਇਹ ਫ਼ੁਰਮਾਨ ਹੈ
ਕਿ ਸਾਧ ਦੀ ਮਹਿੰਮਾਂ ਤੋਂ

ਗ੍ਰੰਥ ਅਣਜਾਣ ਹੈ
ਗ੍ਰੰਥ ਦੀ ਮਹਿਮਾਂ
ਸਾਧ ਦਾ ਵਿਖਿਆਨ ਹੈ
ਗ੍ਰੰਥ ਦੀ ਭਾਸ਼ਾ ਦੇ
ਖੋਲ੍ਹ 'ਚ
ਅਨੁਭਵ ਦੀ ਹੱਦ ਹੈ
ਹਦੂਦ ਹੈ
ਪਰ ਸਾਧ ਦੀ ਦੇਹ 'ਚ
ਹੋਂਦ ਰਹਿਤ ਅਨੁਭਵ ਦਾ
ਜਿਉਂਦਾ ਜਾਗਦਾ
ਵਜੂਦ ਹੈ

-0-

ਦੁਨੀਆਂ ਦੇ ਵੇਦਾਂ ਗ੍ਰੰਥਾਂ
ਸ਼ਾਸਤਰਾਂ ਜੋ ਵੀ ਕਿਹਾ ਹੈ
ਉਸ ਤੋਂ ਇਲਾਵਾ
ਬੜਾ ਕੁੱਝ ਕਹਿਣ ਲਈ
ਬਾਕੀ ਪਿਆ ਹੈ
ਜੋ ਵੀ ਸਫ਼ਰ
ਇਨ੍ਹਾਂ ਮੁਕਾਇਆ ਹੈ
ਉਸ ਸਫ਼ਰ ਦਾ ਅਸਲ ਸੱਚ
ਅਜੇ ਬਕਾਇਆ ਹੈ

----

## ਫ਼ਜ਼ੂਲ

ਜੋ ਕੁੱਝ ਬੋਲਦਾ ਸੁਣਦਾ
ਜਾਣਦਾ ਬੁੱਝਦਾ ਹਾਂ
ਵੇਖਦਾ ਭਾਲਦਾ
ਸਪਰਸ਼ ਕਰਦਾ ਹਾਂ
ਸਭ ਕੁੱਝ
ਵਿਸਰ ਗਿਆ ਹਾਂ
ਕਿਉਂਕਿ
ਇਹ ਸਭ ਕੁੱਝ ਹੀ
ਮੇਰੀ ਕਾਰਜ ਪ੍ਰਣਾਲੀ ਤੇ
ਵਿਚਰਨ ਧਰਾਤਲ ਦੇ
ਅਨੁਕੂਲ ਨਹੀਂ
ਇਸਦਾ ਵਿਸਰਨਾ
ਹੀ ਲਾਜ਼ਮੀ ਹੈ

-0-

ਜੋ ਮੈਂ
ਇਹ ਸਭ ਕੁੱਝ
ਜੋ ਫ਼ਜ਼ੂਲ ਹੈ
ਇਸਨੂੰ ਯਾਦ ਰੱਖਦਾ ਹਾਂ
ਆਪਣੇ
ਆਪ 'ਚ ਉਤਾਰਦਾ ਹਾਂ

ਤਾਂ ਇਸ ਫ਼ਜ਼ੂਲ ਦਾ ਸੱਚ
ਮੇਰੇ ਲਹੂ 'ਚ ਫੈਲੇਗਾ
ਮੇਰੀ ਨਸ ਨਸ 'ਚ
ਵਿਚਰੇਗਾ
ਤਾਂ ਇਸਦੇ ਇਵਜ਼ 'ਚ
ਮੈਨੂੰ ਮੇਰਾ ਸੱਚ
ਮੇਰਾ ਆਪਾ ਵਿਸਰ ਜਾਏਗਾ
ਕਿਉਂਕਿ
ਜੋ ਫ਼ਜ਼ੂਲ ਹੈ
ਮੇਰੇ ਸਿਰ ਤੋਂ ਪੈਰਾਂ ਤੱਕ
ਮੇਰੇ 'ਚ ਪਸਰ ਜਾਏਗਾ

-0-

ਮੈਂ
ਜੋ ਬੋਲਦਾ ਹਾਂ
ਮੈਨੂੰ ਆਪਣੇ ਆਪ ਤੋਂ
ਦੂਰ ਕਰਦਾ ਹੈ
ਮੈਂ ਜੋ ਸੁਣਦਾ ਹਾਂ
ਮੈਨੂੰ ਮੇਰਾ ਆਪਾ ਭੁਲਾਉਂਦਾ ਹੈ
ਮੈਂ ਜੋ ਵੇਖਦਾ ਹਾਂ
ਉਹ ਮੈਨੂੰ
ਆਪਣੇ ਆਪ 'ਚ ਗਿਰਾਉਂਦਾ ਹੈ

ਮੈਂ ਜੋ ਸਪਰਸ਼
ਕਰਦਾ ਹਾਂ
ਉਸ 'ਚ
ਮੈਨੂੰ ਮੇਰਾ ਕੁੱਝ ਵੀ ਨਾ
ਨਜ਼ਰ ਆਉਂਦਾ ਹੈ

-0-

ਜੇ ਮੇਰੇ ਪੱਤਿਆਂ
ਫੁੱਲਾਂ ਫਲਾਂ ਛਾਵਾਂ ਟਹਿਣੀਆਂ
ਨੇ ਹੀ
ਮੈਨੂੰ ਜੜ੍ਹ ਤੋਂ ਉਖਾੜਣਾ ਹੈ
ਤਾਂ ਮੈਂ
ਕਿਉਂ ਇਨ੍ਹਾਂ ਨੂੰ
ਆਪਣੇ ਚੋਂ ਜਨਮਨਾ ਹੈ
ਕਿਉਂ
ਇਨ੍ਹਾਂ 'ਚ ਉਤਰਨਾ ਹੈ
ਕਿਉ
ਇਨ੍ਹਾਂ ਨੂੰ ਆਪਣੇ 'ਚ
ਉਤਾਰਨਾ ਹੈ
ਜੋ ਹਵਾ
ਮੈਨੂੰ ਪ੍ਰਾਣ ਨਹੀਂ ਦਿੰਦੀ
ਜੋ ਅੱਗਣ

ਮੈਨੂੰ ਨਿੱਘ ਨਹੀਂ ਦਿੰਦੀ
ਜੋ ਜਲ ਮੇਰੀ
ਪਿਆਸ ਨਹੀਂ ਬੁਝਾਉਂਦਾ
ਜੋ ਧਰਤ ਸੁਗੰਧਹੀਣ ਹੈ
ਜੋ ਅਕਾਸ਼ ਸ਼ਬਦ ਰਹਿਤ ਹੈ
ਮੈਂ
ਇਨ੍ਹਾਂ ਦਾ ਸਿਰਜਿਆ
ਜਿਸਮ
ਕੀ ਕਰਨਾ ਹੈ
ਇਹ ਤਾਂ ਜੀਵਨ ਸਾਗਰ
ਤਰਨ ਤੋਂ ਪਹਿਲਾਂ ਹੀ
ਆਪਣੇ ਗਲ 'ਚ
ਪੱਥਰ ਬੰਨਣਾ ਹੈ
ਪਾਣੀ ਬਿਨਾਂ
ਸਹਿਰਾ 'ਚ ਡੁੱਬਣਾ ਹੈ

-0-

ਜੇ
ਮੈਂ ਜਿਉਣਾ ਹੈ
ਤਾਂ ਇਹ ਜੋ ਫ਼ਜ਼ੂਲ ਹੈ
ਇਸਨੂੰ ਬਦਲਣਾ ਪਵੇਗਾ
ਇਸਦੀ ਥਾਂ ਤੇ ਜ਼ਰੂਰਤਵੰਦ

ਜਿਵੇਂ ਜੀਵਨ ਲਈ
ਪ੍ਰਾਣ ਹੈ
ਅਗਤੀ ਲਈ ਗਤੀ ਹੈ
ਹਨ੍ਹੇਰ ਲਈ ਚਾਨਣ ਹੈ
ਚੁੱਪ ਲਈ ਬੋਲ
ਇਕਾਂਤ ਲਈ ਰੌਣਕ ਹੈ
ਜੀਵਨ ਲਈ ਮੌਤ ਹੈ
ਇਹ ਸੱਚ
ਮੇਰੇ ਵਿਚਰਨ ਤੇ ਦੁਨੀਆਂ
ਦੇ ਰੰਗ ਮੰਚ ਤੇ
ਮੇਰੇ ਦੁਆਲੇ ਧਰਨਾ
ਪਵੇਗਾ
ਨਹੀਂ ਤਾਂ ਰੁੱਖ ਨੂੰ
ਬੀਜ 'ਚ ਹੀ ਮਰਨਾ ਪਵੇਗਾ
ਕਿਉਂਕਿ
ਫ਼ਜ਼ੂਲ ਲਈ
ਆਪਣਾ ਆਪ ਸੂਲੀ
ਚੜ੍ਹਾਇਆ ਜਾ ਨਹੀਂ ਸਕਦਾ
ਆਪਣਾ ਸੱਚ
ਭੁਲਾਇਆ ਜਾ ਨਹੀਂ ਸਕਦਾ
ਅਮੁੱਲਾ ਜਨਮ ਗੁਵਾਇਆ
ਜਾ ਨਹੀਂ ਸਕਦਾ

----

## ਗਧਾ

ਗਧਾ
ਸੰਸਦ ਵੱਲ ਮੂੰਹ ਕਰਕੇ
ਹਿਣਕਦਾ ਹੈ
ਲੋਕਾਂ ਵੱਲ ਪਿੱਠ ਕਰਕੇ
ਲਿੱਦ ਕਰਦਾ ਹੈ
ਜਦ ਔੜਾਂ ਦੀ ਮਾਰੀ
ਧਰਤੀ ਤਰਸਦੀ ਹੈ
ਗਧਾ ਮੂਤਦਾ ਹੈ
ਹੜ੍ਹਾਂ 'ਚ ਸਾਰਾ ਭਾਰਤ
ਵਰਸ਼ ਰੁੜ੍ਹ ਜਾਂਦਾ ਹੈ

-0-

ਪਿੰਡਾਂ ਦੇ ਪਿੰਡ ਡੁੱਬ
ਜਾਦੇ ਹਨ
ਲੱਖਾਂ ਏਕੜ ਅੰਨ੍ਹ ਤਬਾਹ
ਹੁੰਦਾ ਹੈ
ਲੋਕਾਂ ਦੀਆਂ ਲਾਸ਼ਾਂ
ਮੂਤ ਦੀ ਝੱਗ 'ਚ ਤਰਦੀਆਂ ਹਨ
ਤੇ ਕੁੱਝ ਸਿਆਸੀ ਹੱਥ
ਮੂਤ ਚੋਂ ਮੱਛੀਆਂ ਫੜਦੇ ਹਨ

ਲੋਕਾਂ ਦੇ ਘਰਾਂ ਦੀ
ਬਰਬਾਦੀ
ਰੋਣਾ ਧੋਣਾ ਸਭ
ਹਿਣਕਦੇ ਗਧੇ ਦੇ ਸ਼ੋਰ 'ਚ
ਗੁਵਾਚ ਜਾਂਦਾ ਹੈ
ਲਾਲ ਕਿਲੇ ਤੋਂ
ਕੱਚਿਆਂ ਘਰਾਂ ਦੀਆਂ
ਕੰਧਾਂ ਤਕ
ਲੋਕ ਤੰਤਰ ਚੁੱਪ ਦੀ ਲਾਸ਼
ਹੋ ਜਾਂਦਾ ਹੈ

-0-

ਗਧਾ
ਸੰਸਦ ਦੇ ਸਾਰੇ ਮੈਂਬਰਾਂ ਦਾ
ਨੇਤਾ ਹੈ
ਪਰਮ ਵੀਰ ਚੱਕਰ ਦਾ
ਵਿਜੇਤਾ ਹੈ
ਟੱਕੇ ਸੇਰ ਖਾਜ਼ਾ
ਟੱਕੇ ਸੇਰ ਭਾਜੀ
ਇਸ ਦਾ ਫ਼ੁਰਮਾਨ ਹੈ
ਰੋਟੀ ਦੇ ਚੰਦ ਟੁਕੜਿਆਂ
ਲਈ ਤਰਸਦਾ
ਤੋਤਲਾ ਹਿੰਦੁਸਤਾਨ ਹੈ

ਰੰਡੀਆਂ ਦੇ ਕੋਠੇ ਦਾ
ਅਰਘਾ ਈਮਾਨ ਹੈ
ਸੜਕਾਂ ਤੇ ਵਿਕ ਰਹੇ ਨੇ
ਜਿਸਮ ਬੱਚਿਆਂ ਦੇ
ਸੂਲੀ ਤੇ ਲਟਕ ਰਹੇ ਨੇ
ਸਿਰ ਸੱਚਿਆਂ ਦੇ
ਇਹ ਲਾਠੀਆਂ
ਇਹ ਗੋਲੀਆਂ
ਜਿਨ੍ਹਾਂ ਤੇ ਵਰ੍ਹੀਆਂ ਨੇ
ਇਹ ਸਿਰ ਨੇ
ਇਹ ਧੜ ਨੇ
ਘਰਾਂ ਕੱਚਿਆਂ ਦੇ
ਜੋ ਸੱਤਾ ਦੇ ਪਹੀਏ ਹੇਠ
ਆ ਕੇ ਮਰ ਗਏ
ਮਹਿੰਦੀ ਸੰਗ ਰੰਗਣ ਲਈ
ਤਲੀਆਂ ਆਜ਼ਾਦੀ ਦੀਆਂ
ਸਾਗਰ ਲਹੂ ਦਾ ਤਰ ਗਏ

–0–

ਗਧਾ
ਜਦ ਵੀ ਹਿਣਕਦਾ ਹੈ
ਅਨੁਸ਼ਾਸਨ ਸ਼ਾਂਤੀ ਦੇਸ਼ਭਗਤੀ
ਏਕਤਾ
ਗਰੀਬੀ ਹਟਾਓ

ਦਾ ਪ੍ਰਚਾਰ ਕਰਦਾ ਹੈ
ਫੱਕ ਦੀ ਥਾਂ
ਛਿੱਲੇ ਬਦਾਮਾਂ ਦੀ ਫ਼ਸਲ
ਚਰਦਾ ਹੈ
ਮੁਰਦਿਆਂ ਦੇ ਦੇਸ਼ 'ਚ
ਗਧੇ ਦੇ ਹਿਣਕਣ ਸੰਗ
ਮੁਰਦੇ ਕਬਰਾਂ ਦੀ ਚੁੱਪ
ਉਦਾਸੀ ਤੋੜ ਕੇ
ਹਿਣਕਣ ਲੱਗਦੇ ਹਨ
ਮੁਰਦਿਆਂ ਨੂੰ
ਜ਼ਿੰਦਗੀ ਨਾਲ ਕੀ ਭਾਅ ਹੈ
ਗਧੇ ਤੇ
ਮੁਰਦਿਆਂ ਨੂੰ ਬਸ
ਹਿਣਕਣ ਦਾ ਚਾਅ ਹੈ

-0-

ਗਧੇ ਦਾ ਪਰਚਮ
ਝੂਲਦਾ ਹੈ
ਬੀਜਦਾ ਹੈ
ਹਿੰਦੁਸਤਾਨੰ ਦੇ ਲੋਕਾਂ ਦੀਆਂ
ਅੱਖ਼ਾਂ 'ਚ ਹਨ੍ਹੇਰਾ
ਟੁੱਕਦਾ ਹੈ ਲੋਕਾਂ ਦੀਆਂ ਜੀਭਾਂ

ਕੰਨਾਂ 'ਚ ਹੈ ਲੋਹਾ ਢਾਲਦਾ
ਵਰਤਨ ਦੀ ਆਬਰੂ ਤੇ ਜਵਾਨੀ
ਨੂੰ
ਸੀਖ਼ਾਂ ਪਿੱਛੇ
ਬਰਫ਼ਾਂ ਦੀਆਂ ਸਿਲ੍ਹਾ ਤੇ ਹੈ
ਠਾਰਦਾ
ਵਤਨ ਦੇ ਪ੍ਰਵਾਨਿਆਂ ਦੀ ਹੈ
ਖ਼ਲ ਉਤਾਰਦਾ
ਕੈਦੀਆਂ ਦੀਆਂ
ਗੁਪਤ ਇੰਦਰੀਆਂ 'ਚ ਹੈ
ਸਰੀਏ ਉਤਾਰਦਾ
ਕੁਰਸੀ ਤੇ ਬੈਠੇ ਰਹਿਣ
ਦੀ ਹੱਵਸ ਨੂੰ
ਲੋਕਾਂ ਦੇ ਲਹੂ 'ਚ ਠਾਰਦਾ

-0-

ਗਧਾ
ਵੰਡ ਰਿਹਾ ਹੈ
ਲੋਕਾਂ 'ਚ ਗਰੀਬੀ ਰਿਸ਼ਵਤਖੋਰੀ
ਬੇਰੁਜ਼ਗਾਰੀ
ਨਫ਼ਰਤ ਗੁਲਾਮੀ ਤੇ ਬੀਮਾਰੀ
ਲੋਕਾਂ 'ਚ
ਕਬਰਾਂ ਬੀਜਣ ਲਈ

ਗਧੇ ਨੇ
ਆਪਣੀ ਸਾਰੀ ਸ਼ਕਤੀ
ਹੈ ਲਾਈ
ਪੜ੍ਹ ਲਿਖ ਕੇ ਵੀ
ਮੁਲਕ ਦੀ ਜਵਾਨੀ
ਬੇਰੁਜ਼ਗਾਰ ਹੈ
ਬੇਰੁਜ਼ਗਾਰੀ ਸਦਕਾ ਹੀ
ਜਵਾਨੀ
ਨਸ਼ਿਆਂ ਦੇ ਹਾਲ ਹੈ
ਅੰਨ੍ਹਦਾਤਾ ਦੇਸ਼ ਦਾ
ਖ਼ੁਦਕੁਸ਼ੀ ਹੈ ਕਰ ਰਿਹਾ
ਸਿਰ ਤੇ ਤਲਵਾਰ ਨਹੀਂ
ਤਲਵਾਰ ਤੇ ਹੈ
ਸਿਰ ਧਰ ਰਿਹਾ

-0-

ਗਧਾ
ਜਦ ਵੀ ਹਿਣਕਦਾ ਹੈ
ਲੋਕ ਤੰਤਰ ਲੋਕ ਤੰਤਰ
ਪੁਕਾਰਦਾ ਹੈ
ਗਧੇ ਤੋਂ ਘੋੜਿਆਂ ਦਾ ਰੂਪ
ਧਾਰਦਾ ਹੈ
ਗਧਾ ਹੋਣ ਦਾ ਸੱਚ ਵਿਸਾਰਦਾ ਹੈ

ਲੋਕਾਂ ਦੀ ਚੁੱਪ 'ਚ ਨਹੀਂ
ਉਤਰਦਾ
ਲੋਕਾਂ ਦੀ ਚੁੱਪ 'ਚ
ਆਪਣਾ ਸ਼ੋਰ ਉਤਾਰਦਾ ਹੈ

-0-

ਗਧਾ
ਸੰਸਦ ਵੱਲ ਮੂੰਹ ਕਰਕੇ
ਹਿਣਕਦਾ ਹੈ
ਲੋਕਾਂ ਵੱਲ ਪਿੱਠ ਕਰਕੇ
ਲਿੱਦ ਕਰਦਾ ਹੈ
ਜਦ ਔੜਾਂ ਦੀ ਮਾਰੀ
ਧਰਤੀ ਤਰਸਦੀ ਹੈ
ਗਧਾ ਮੂਤਦਾ ਹੈ
ਹੜ੍ਹਾਂ 'ਚ ਸਾਰਾ ਭਾਰਤ ਵਰਸ਼
ਰੁੜ੍ਹਦਾ ਹੈ

----

## ਮੁਫ਼ਲਸੀ

ਮੇਰੇ ਸੀਨੇ 'ਚ
ਮੇਰੇ ਅੰਗਾਂ ਤੇ ਨਖ਼ਸ਼ਾਂ 'ਚ
ਮੇਰੀ ਨਸ ਨਸ 'ਚ
ਵਸ ਗਈ
ਮੇਰੇ ਸਿਰ ਚੋਂ
ਮੇਰੇ ਪੈਰਾਂ 'ਚ ਉਤਰ ਗਈ
ਇਹ ਤੂੰ ਨਹੀਂ ਤਾਂ
ਕੌਣ ਸੀ
ਸ਼ੋਰ ਸੀ ਤੇਰਾ
ਕਿ ਤੇਰਾ ਮੌਨ ਸੀ

-0-

ਧਰ ਗਈ
ਮੇਰੇ ਬੁੱਲ੍ਹਾਂ ਤੇ
ਰੰਗਾਂ ਕਲੀਆਂ ਦੀ ਮਹਿਕ
ਚਿਹਰੇ ਤੇ
ਮੌਸਮਾਂ ਬਹਾਰਾਂ ਰੁੱਤਾਂ
ਗੁਲਸ਼ਨ ਦੀ ਟਹਿਕ
ਛਿੱੜਕ ਗਈ
ਮੇਰੇ ਤੇ ਸਾਗਰਾਂ ਦੇ ਸਾਰਗ
ਬੀਜ ਗਈ
ਮੇਰੇ 'ਚ ਜੰਗਲ ਪਹਾੜ

ਅਕਾਸ਼ ਸੂਰਜ ਚੰਨ
ਤਾਰੇ ਧਰਤੀਆਂ
ਗਈ ਮੇਰੀ ਦੇਹ 'ਚ ਉਤਾਰ
ਇਹ ਤੂੰ ਨਹੀਂ ਤਾਂ
ਕੌਣ ਸੀ
ਸ਼ੋਰ ਸੀ ਤੇਰਾ
ਕਿ ਤੇਰਾ ਮੌਨ ਸੀ

-0-

ਉੱਗਾ ਕੇ ਮੇਰੇ 'ਚ
ਦੁਨੀਆਂ ਦੀ ਭੀੜ
ਜਿਸਮਾਂ ਦੇ ਬਾਜ਼ਾਰ
ਲਾ ਕੇ ਦੌਲਤਾਂ ਤੇ ਰਿਜ਼ਕਾਂ
ਦੇ ਅੰਬਰ
ਪੌਣਾਂ ਅੱਗਾਂ ਵੇਗ ਤੇ
ਤਾਅ
ਮੇਰੇ 'ਚ ਉਤਾਰ ਕੇ
ਰੰਗਾਂ ਰੂਪਾਂ ਸੁੰਦਰਤਾ ਦੀਆਂ
ਮਹਿਕਾਂ ਖ਼ਿਲਾਰ ਕੇ
ਭੁੱਖ਼ ਆਪਣੀ
ਬੀਜ ਮੇਰੇ ਲਹੂ 'ਚ
ਖ਼ੂਹ ਅੱਖੀਆਂ ਦੇ ਸੁੱਕਾ ਕੇ
ਤੁਰ ਗਈ
ਇਹ ਤੂੰ ਨਹੀਂ ਤਾਂ ਕੌਣ ਸੀ

ਸ਼ੋਰ ਸੀ ਤੇਰਾ
ਕਿ ਤੇਰਾ ਮੌਨ ਸੀ

-0-

ਅੱਜ ਮੇਰੇ ਚੋਂ
ਜ਼ਿੰਦਗੀ ਪੁੰਗਰਦੀ ਹੈ
ਹਵਾ ਚਲਦੀ ਹੈ
ਸੂਰਜ ਉੱਗਦਾ ਹੈ
ਦਿਨ ਚੜ੍ਹਦਾ ਹੈ
ਸ਼ਾਮ ਢਲਦੀ ਹੈ
ਰਾਤ ਸੁਬ੍ਹਾ ਨੂੰ ਜਨਮਦੀ ਹੈ
ਦੁਨੀਆਂ ਦਾ
ਕਾਰੋਬਾਰ ਚਲਦਾ ਹੈ
ਪ੍ਰਕਿਰਤੀ ਦਾ ਸਿਲਸਿਲਾ
ਮਨੁੱਖ ਦਾ ਰੁਜ਼ਗਾਰ ਚਲਦਾ ਹੈ
ਜੰਗਲੀ ਹਰਿਆਵਲ
ਮੇਰੇ ਚੋਂ ਸਾਹ ਲੈਂਦੀ ਹੈ
ਪਹਾੜ ਤੁਰਦੇ ਹਨ
ਪੱਥਰ ਤਰਦੇ ਹਨ
ਇਕ ਵਾਰ ਜੋ ਮੇਰੀ
ਨਜ਼ਰ 'ਚ ਠਹਿਰਦੇ ਹਨ

-0-

ਇਹ ਤੂੰ ਨਹੀਂ ਤਾਂ ਕੌਣ ਸੀ

ਸ਼ੋਰ ਸੀ ਤੇਰਾ
ਕਿ ਤੇਰਾ ਮੌਨ ਸੀ
ਜੋ ਜ਼ਰੇ ਨੂੰ ਸੂਰਜ ਕਰ
ਗਿਆ
ਮੁਫ਼ਲਿਸ ਉੱਠਾਂ
ਮੁਫ਼ਲਿਸੀ ਚੋਂ
ਦੁਨੀਆਂ ਦੇ ਤਖ਼ਤੀਂ
ਧਰ ਗਿਆ
ਇਸ ਔਗੁਣਹਾਰੇ ਰੰਕ ਨੂੰ
ਸ਼ਹਿਨਸ਼ਾਹਾਂ ਦਾ
ਸ਼ਹਿਨਸ਼ਾਹ ਕਰ ਗਿਆ
ਜਿੱਥੇ ਤੂੰ
ਏਨੀਆਂ ਰਹਿਮਤਾਂ ਤੇ
ਨਿਹਮਤਾਂ ਦੀ ਬਰਸਾਤ ਲਾਈ
ਹੈ
ਉੱਥੇ ਕਿਉਂ
ਆਪਣੇ ਤੇ ਮੇਰੇ 'ਚ ਰੱਖੀ
ਜੁਦਾਈ ਹੈ

-0-

ਦਯਾ ਕਰ
ਦੇ ਦੀਦਾਰ
ਭਟਕਦੀ ਜ਼ਿੰਦਗੀ ਲੱਭਦੀ ਹੈ
ਤੇਰਾ ਦੁਆਰ

ਪੱਥਰਾਂ ਨੂੰ ਤਾਰਨ
ਵਾਲਿਆ
ਇਸ ਰੰਕ ਨੂੰ ਵੀ ਤਾਰ ਦੇ
ਇਕ ਝਲਕ ਆਪਣੇ ਨੂਰ ਦੀ
ਮੈਨੂੰ ਵਿਖਾ ਦੇ

-0-

ਤੂੰ ਮੁਫ਼ਲਸੀ 'ਚ
ਮੈਨੂੰ ਯਾਦ ਕਰਦਾ ਸੈਂ
ਮੇਰੀ ਨਜ਼ਰ
ਤੇਰੇ ਤੇ ਸਵੱਲੀ ਹੋ ਗਈ
ਹੁਣ ਇਸ ਸ਼ਾਨੋ ਸ਼ੌਕਤ 'ਚ
ਤੂੰ ਜੇ ਮੈਨੂੰ
ਆਪਣੀ ਮੁਫ਼ਲਸੀ ਵਾਂਗ ਹੀ
ਯਾਦ ਰੱਖੇਂਗਾ
ਆਪਣੇ ਆਪ ਚੋਂ ਹੀ
ਜਗਦੀ ਮੇਰੀ ਜੋਤ ਤੱਕੇਂਗਾ

----

## ਤੂੰ ਹੈਂ ਤਾਂ

ਤੂੰ ਹੈਂ ਤਾਂ
ਅੱਥਰੂ ਗ਼ਮਾਂ ਦਾ ਸਮੁੰਦਰ
ਤਰਦਾ ਹੈ
ਕਤਰਾ ਦੁਨੀਆਂ ਦੀ ਪੀੜ
ਦਰਦਾਂ ਦਾ ਹਾਜ਼ੂਮ ਜਰਦਾ ਹੈ
ਤੇਰੇ
ਸਾਹਾਂ 'ਚ ਤੁਰਦਾ ਹੈ
ਮੇਰੀ ਜ਼ਿੰਦਗੀ ਦਾ ਮਜ਼ਮੂਨ
ਤੂੰ ਹੈਂ ਤਾਂ
ਮੇਰੀ ਹੋਂਦ ਦਾ ਸੱਚ ਹੈ
ਤੂੰ ਨਹੀਂ ਤਾਂ
ਮਿੱਟੀ ਦੇ ਜ਼ਰ੍ਹੇ ਤੋਂ ਬਦਤਰ
ਮੇਰਾ ਵਜੂਦ ਹੈ

-0-

ਤੇਰੇ ਬਿਨਾਂ
ਮੈਂ ਸੜਕਾਂ ਦੀ ਆਵਾਰਗੀ
ਹਾਂ
ਫੁੱਟਪਾਥਾਂ ਤੇ ਗੁਜ਼ਾਰਿਆ
ਜੀਵਨ ਹਾਂ

ਖੰਡਰ ਹੋ ਗਏ
ਕਿਸੇ ਸ਼ਹਿਰ ਦੀ ਰੌਣਕ ਹਾਂ
ਕੰਧਾਂ ਤੇ ਉਭਰਿਆ
ਘਰ ਲਈ
ਓਪਰਾ ਚਿਹਰਾ ਹਾਂ
ਤੂੰ ਉਹ ਰੁੱਖ਼ ਹੈਂ
ਜਿਸ ਦੀ ਛਾਂ ਤੋਂ
ਮੈਂ ਦੂਰ ਹਾਂ
ਤੇਰੀ ਟਹਿਣੀ ਤੇ
ਮੇਰਾ ਆਲ੍ਹਣਾ ਨਹੀਂ
ਤੇਰੇ ਦਿਲ 'ਚ
ਮੈਂ ਸਿਮਦਾ ਨਾਸੂਰ ਹਾਂ
ਨਾ ਸਹੀ
ਮੇਰੇ ਸਿਰ ਤੇ
ਤੇਰੇ ਹੱਥਾਂ ਦੀ ਛਾਂ
ਮੇਰੇ ਸਿਰ ਤੇ ਪਿਘਲਦਾ
ਤੇਰੀ ਨਫ਼ਰਤ ਦੇ ਸੂਰਜ ਦਾ
ਗਰੂਰ ਤੇ ਹੈ

-0-

ਮੈਂ ਜੋ
ਤੇਰੇ ਦਿਲ 'ਚ ਬੇਵਫ਼ਾਈਆਂ
ਤੇ ਸੂਲ੍ਹਾਂ ਉੱਗਾਈਆਂ ਹਨ

ਤੇਰੀ ਦੇਹ
ਰਿਸਦੇ ਛਾਲਿਆਂ ਨਾਲ
ਭਰੀ ਹੈ
ਇਹ ਸੂਲ੍ਹਾਂ ਤੇ ਛਾਲਿਆਂ
ਦੀ ਫ਼ਸਲ
ਹਰ ਮੌਸਮ 'ਚ ਹਰੀ ਹੈ
ਇਸ ਨੂੰ
ਮੁਰਝਾਉਣ ਦਾ ਡਰ ਨਹੀਂ
ਪਤਝੱੜ ਦੀ ਆਮਦ ਲਈ
ਇਸ 'ਚ ਕੋਈ ਦਰ ਨਹੀਂ

-0-

ਮੇਰੀ ਜ਼ਫ਼ਾ ਦੇ ਬਦਲੇ
ਜੋ ਫੁੱਲਾਂ ਕਲੀਆਂ ਦਾ
ਅਰਘਾ
ਤੂੰ ਚੜ੍ਹਾਇਆ ਸੀ
ਮੇਰੀ ਕੰਡ ਮੋੜਣ ਤੇ ਹੀ
ਉਹ ਮੁਰਝਾਇਆ ਸੀ
ਮੈਂ
ਇਨ੍ਹਾਂ ਫੁੱਲਾਂ ਕਲੀਆਂ ਦੀਆਂ
ਲਾਸ਼ਾਂ
ਅਜੇ ਵੀ ਉੱਠਾਈ ਫਿਰਦਾ ਹਾਂ
ਬਦਬੂ ਮਾਰੇ ਬਦਨ
ਇਨ੍ਹਾਂ ਦੇ

ਪਲਕਾਂ ਨਾਲ ਲਾਈ ਫਿਰਦਾ ਹਾਂ
ਦਿਲ 'ਚ ਵਸਾਈ ਫਿਰਦਾ ਹਾਂ

-0-

ਮੈਂ ਤਰਿਆ ਹੈ
ਹਯਾਤੀ ਦੇ ਗ਼ਮਾਂ ਦਾ ਸਾਗਰ
ਪਰ ਤੇਰੇ
ਇਕ ਹੰਝੂ 'ਚ ਡੁੱਬਿਆ ਹਾਂ
ਤੇਰੇ ਫੁੱਲਾਂ ਕਲੀਆਂ ਰੰਗਾਂ
ਖ਼ੁਸ਼ਬੂਆਂ ਦੇ ਗੁਲਸ਼ਨ 'ਚ
ਅੱਕ ਬਣ ਕੇ ਉੱਗਿਆ ਹਾਂ
ਇਸ ਲਈ
ਬੇਵਫ਼ਾ ਹੀ ਰਿਹਾ ਹਾਂ
ਤੇਰੇ ਨਾਲ ਮਿਲਾ ਕੇ ਨੈਣ
ਨਾ ਬਲਿਆ ਹਾਂ
ਨਾ ਸੜਿਆ ਹਾਂ
ਜਿੰਨਾ ਵੀ ਜੀਵਿਆ ਹਾਂ
ਗਿੱਲੀ ਲੱਕੜ ਵਾਂਗ
ਧੁੱਖਦਾ ਹੀ ਰਿਹਾ ਹਾਂ

-0-

ਇਹ ਦੁੱਖ ਦਰਦ
ਗ਼ਮ ਤੇ ਪੀੜਾਂ

ਰਹਿਮਤਾਂ ਤੇ ਨਿਹਮਤਾਂ ਨੇ
ਮੇਰੇ ਤੇ ਤੇਰੀਆਂ
ਇਹ ਮੇਰੇ ਪ੍ਰਾਣਾਂ ਤੋਂ ਵੀ
ਵੱਧ
ਅਮੁੱਲੇ ਖ਼ਜ਼ਾਨੇ ਨੇ
ਮਿਹਰਬਾਨ ਨੇ
ਜ਼ਿੰਦਗੀ ਦਾ ਆਸਰਾ ਨੇ
ਤੇਰੇ ਲਈ ਭਾਵੇਂ ਬਹਾਨੇ ਨੇ

----

## ਸਵੈ ਦੀ ਤਲਾਸ਼

ਉਹ ਫੁੱਲਾਂ ਰੰਗਾਂ
ਖ਼ੁਸ਼ਬੂਆਂ ਮੌਸਮਾਂ ਬਹਾਰਾਂ
ਰੁੱਤਾਂ ਚੋਂ ਲੰਘਿਆ
ਸ਼ਹਿਰ ਚੋਂ
ਬਾਜ਼ਾਰਾਂ ਦੀਆਂ ਰੌਣਕਾਂ ਚੋਂ
ਲੰਘਿਆ
ਕਿਸੇ ਨੇ ਨਾ ਪਹਿਚਾਣਿਆ
ਉਹ ਕੌਣ ਸੀ ਕੀ ਸੀ
ਕਿਸੇ ਨੇ ਨਾਂ ਜਾਣਿਆ

-0-

ਹਰ ਇਕ ਚਿਹਰਾ
ਆਪਣੇ ਜਗਣ 'ਚ
ਮਸਤ ਸੀ
ਹਰ ਕੋਈ
ਆਪਣੇ ਰੰਗਾਂ 'ਚ ਰੰਗਿਆ
ਲਗਨ 'ਚ ਮਸਤ ਸੀ
ਹਰ ਬਿੰਦੂ ਨੇ
ਆਪਣੇ ਦੁਆਲੇ ਦਾਇਰੇ
ਓੜ ਰੱਖੇ ਸਨ
ਆਪਣੇ ਏਕੇ ਸੰਗ

ਸਿਫ਼ਰੇ ਜੋੜ ਰੱਖੇ ਸਨ
ਹਰ ਕੋਈ
ਤਮਾਸ਼ਾ ਵੀ ਸੀ
ਤਮਾਸ਼ਈ ਵੀ ਸੀ
ਬਾਜ਼ਾਰੀ ਵਸਤੂ ਸੀ
ਖ਼ਰੀਦਦਾਰ ਵੀ ਸੀ
ਵਿਕਾਊ ਵੀ ਸੀ
ਹਰ ਕੋਈ
ਆਪਣੇ ਹੀ ਚਾਨਣ 'ਚ
ਜਗ ਰਿਹਾ ਸੀ
ਬੁੱਝ ਰਿਹਾ ਸੀ
ਹਰ ਅੱਖ
ਆਪਣੇ ਹੀ ਬਦਨ
ਦੁਆਲੇ ਘੁੰਮ ਰਹੀ ਸੀ

-0-

ਉਸ ਨੇ
ਭੀੜ ਨੂੰ ਆਕਰਸ਼ਤ
ਕਰਨ ਲਈ
ਆਪਣੇ ਆਪ ਦਾ ਭਾਂਬੜ
ਬਾਲਿਆ
ਭੀੜ ਦੇ ਸਿਰ ਤੋਂ ਪੈਰਾਂ ਤੱਕ
ਆਪਾ ਜਗਾ ਲਿਆ

ਉਸ ਚੋਂ ਅੱਗ ਦੀਆਂ
ਲਪਟਾਂ ਨਿਕਲੀਆਂ
ਰੌਸ਼ਨੀ ਭੀੜ 'ਚ ਹੋਈ
ਭੀੜ ਦੇ ਇਕੱਲੇ ਇਕੱਲੇ
ਚਿਹਰੇ 'ਚ
ਉਸ ਆਪਣਾ ਚਾਨਣ
ਉਤਾਰਿਆ
ਤੇ ਉੱਚੀ ਸੁਰ 'ਚ
ਪੁਕਾਰਿਆ
ਮੈਂ ਧਰਤ ਦਾ ਪਹਿਲਾ
ਮਨੁੱਖ ਹਾਂ

-0-

ਜੋ ਆਪਣੀ ਪਹਿਚਾਣ
ਖੋਹ ਗਿਆ ਹੈ
ਆਪਣੀ ਹੋਂਦ ਆਪਣਾ ਸੱਚ
ਆਪਣੀ ਸ਼ਨਾਖ਼ਤ ਖੋਹ ਗਿਆ ਹੈ
ਤੇ ਆਪਣੇ ਆਪ ਚੋਂ
ਮਨਫ਼ੀ ਹੋ ਗਿਆ ਹੈ

-0-

ਭੀੜ ਨੇ
ਨਾ ਉਸ ਨੂੰ ਸੁਣਿਆ
ਨਾ ਉਸ ਵੱਲ ਇਕ ਕਦਮ
ਹੀ ਤੁਰੀ

ਨਾ ਭੀੜ ਦੀ ਅੱਖ
ਉਸ ਦੇ ਚਿਹਰੇ ਵੱਲ ਮੁੜੀ
ਉਹ ਚੁੱਪ ਚਾਪ
ਆਪਣੀ ਪਹਿਚਾਣ
ਆਪਣਾ ਸੱਚ
ਆਪਣੀ ਹੋਂਦ ਤੇ ਸ਼ਨਾਖ਼ਤ
ਜਾਣੇ ਬਿਨਾਂ
ਆਪਣੇ
ਆਪ 'ਚ ਪਰਤ ਆਇਆ
ਆਪਣੀ ਜ੍ਹਮਾਂ
ਭਾਲਣ ਲਈ ਗਿਆ ਸੀ
ਆਪਣੀ ਮਨਫ਼ੀ ਦੇ
ਨਾਲ਼ ਮਨਫ਼ੀ ਲੈ ਆਇਆ

0–

ਇਕ ਹਨ੍ਹੇਰੀ ਰਾਤ ਨੂੰ
ਉਹ ਜਾ ਰਿਹਾ ਸੀ
ਉਸ ਨੂੰ
ਸ਼ਮਸ਼ਾਨ 'ਚ ਸੁੱਤੀਆਂ
ਕਬਰਾਂ ਦਾ ਚੇਤਾ ਆ ਰਿਹਾ ਸੀ
ਇਕ ਪਾਸੇ
ਪੀੜਾਂ ਦਰਦਾਂ ਦੁੱਖ ਜ਼ਖ਼ਮਾਂ

ਚੁੱਪ ਇਕੱਲਤਾ ਦੀ ਭੀੜ ਸੀ
ਇਕ ਪਾਸੇ
ਸ਼ਮਸ਼ਾਨ 'ਚ ਸੁੱਤੀ ਜ਼ਿੰਦਗੀ
ਦਾ ਸਰੀਰ ਸੀ

-0-

ਉਸ ਦੇ ਦੁਆਲੇ
ਅੱਖਾਂ ਸਨ ਚਿਹਰੇ ਸਨ
ਜੀਭਾਂ ਸਨ
ਕੰਨ ਸਨ ਸਰੀਰ ਸਨ
ਪਰ ਸਭ ਗਤੀ ਹੀਣ ਸਨ
ਨਾ ਬੋਲਦੇ ਨਾ ਸੁਣਦੇ
ਨਾ ਦੇਖਦੇ
ਇਹ ਪੀੜਾਂ ਦੁੱਖਾਂ ਦਰਦਾਂ
ਚੁੱਪਾਂ ਇਕੱਲਤਾ ਉਦਾਸੀਆਂ
ਤੇ ਵੀਰਾਨੀਆਂ ਦੇ ਰੋਗੀ
ਸਰੀਰ ਸਨ

-0-

ਜੋ ਉਸ ਨੂੰ
ਦੱਸ ਰਹੇ ਸਨ
ਅਸੀਂ ਤੇਰੇ ਦਿਲ ਦਾ ਗ਼ਮ
ਜਾਣਦੇ ਹਾਂ
ਤੈਨੂੰ ਆਪਣੀ ਹੋਂਦ ਸੱਚ ਤੇ

ਸ਼ਨਾਖ਼ਤ ਜਾਣਨ ਦਾ ਗ਼ਮ
ਖਾ ਰਿਹਾ ਹੈ
ਅਸੀਂ ਤੇਰੇ ਵਿਚਲਾ
ਸੱਚ ਜਾਣਦੇ ਹਾਂ
ਸਾਨੂੰ ਸਮਝ ਆ ਰਿਹਾ ਹੈ
ਤੇਰਾ ਸੱਚ ਅਸੀਂ ਹਾਂ
ਤੇਰੀ ਸ਼ਨਾਖ਼ਤ ਅਸੀਂ ਹਾਂ
ਤੇਰੀ ਹੋਂਦ ਅਸੀਂ ਹਾਂ
ਅਸੀਂ ਚਿਰੰਜੀਵ ਹਾਂ
ਅਮਰ ਹਾਂ
ਸਦਾ ਸਾਂ ਸਦਾ ਹਾਂ

-0-

ਪਹਿਲੀ
ਭੀੜ ਦੇ ਵਜੂਦ 'ਚ
ਤੇਰਾ ਸੱਚ ਜਾਣਨ ਵਾਲਾ
ਕੋਈ ਨਹੀਂ ਸੀ
ਅਹਿਸਾਸ ਨਹੀਂ ਸੀ
ਉਨ੍ਹਾਂ ਕੋਲ
ਆਪਣੇ ਤੋਂ ਸਿਵਾ ਕੁੱਝ
ਹੋਰ ਜਾਣਨ ਦਾ
ਵਕਤ ਨਹੀਂ ਸੀ
ਦੂਸਰੇ ਦੇ ਅੰਦਰ ਝਾਕਣ ਦਾ

-0-

ਅਸੀਂ
ਉਸ ਭੀੜ ਦਾ ਸੱਚ ਹਾਂ
ਜਿਸ ਨੂੰ

ਉਹ ਪਹਿਚਾਣਦੀ ਨਹੀਂ
ਭਰਮ ਦੀ ਜੂਨ
ਜਿਉਂਦੀ ਹੈ
ਭਰਮ ਦਾ ਸੱਚ ਜਾਣਦੀ ਨਹੀਂ
ਸਾਡੇ ਤੇ
ਉਹਦੇ ਵਿਚਕਾਰ
ਉਹਦੇ ਆਪਣੇ ਆਪ ਦੀ
ਦੀਵਾਰ ਹੈ
ਅਸੀਂ ਸੱਚ ਦੇ
ਇਸ ਪਾਰ ਹਾਂ
ਉਹ ਸੱਚ ਦੇ
ਉਸ ਪਾਰ ਹੈ

----

## ਦੀਦਾਰ ਦੀ ਹਸਰਤ

ਫਿਰ ਫੁੱਲ ਖਿੜੇ
ਮਹਿਕੀਆਂ ਕਲੀਆਂ
ਰੁੱਤਾਂ ਬਹਾਰਾਂ ਮੌਸਮ
ਪੁੰਗਰ ਆਏ ਨੇ
ਫਿਰ ਚੰਨ ਸੂਰਜ ਤਾਰੇ
ਦਿਲ 'ਚ ਉਤਰ ਆਏ ਨੇ
ਫਿਰ ਘਟਾ ਛਾਈ ਹੈ
ਅੰਬਰੋਂ ਬਰਸਾਤ ਹੋਈ ਹੈ
ਫੁੱਲਾਂ ਨੇ ਰੰਗ
ਕਲੀਆਂ ਨੇ ਆਪਣੀ
ਖ਼ੁਸ਼ਬੂ ਧੋਈ ਹੈ
ਕੋਇਲ ਨੇ ਬ੍ਰਿਹਾ ਕੂਕਿਆ
ਤੇ ਰੁੱਖ਼ ਰੋਏ ਨੇ
ਫਿਰ ਤੇਰੇ
ਦੀਦਾਰ ਦੀ ਹਸਰਤ ਹੋਈ ਹੈ
ਅੱਖਾਂ 'ਚ
ਇਕ ਅੱਥਰੂ ਦੀ ਮੌਤ ਹੋਈ ਹੈ

-0-

ਇਕ ਘੁੱਗੀ
ਤੂਤ ਦੀ ਛਾਂ ਦੇ ਕਲੇਜੇ ਚੋਂ
ਬੋਲੀ ਹੈ

ਤੂੰ ਹੀ ਤੂੰ ਦੀ ਸੁਰ 'ਚ
ਰਿੱਝਦੀ
ਤੂੰ ਹੋ ਗਈ ਹੈ
ਹੂਕ ਘੁੱਗੀ ਦੀ
ਦਿਲਾਂ ਨੂੰ ਛੂਹ ਗਈ ਹੈ
ਆਪਾ ਭੁੱਲ ਕੇ ਘੁੱਗੀ
ਦਾਤੇ ਦੀ ਹੋ ਗਈ ਹੈ
ਹੁਣ ਤੂੰ ਹੀ ਤੂੰ ਦਾ
ਸ਼ਬਦ ਗੂੰਜਦਾ ਹੈ
ਇਕ ਬੂੰਦ ਦੇ ਕੰਠ ਚੋਂ
ਸਮੁੰਦਰ ਬੋਲਦਾ ਹੈ

-0-

ਮੈਂ
ਇਕ ਜ਼ਰਾ ਮਿੱਟੀ ਦਾ
ਚੰਨ ਤੋਂ ਵਿਛੜਿਆ
ਚੰਨ ਭਾਲਦਾ ਹਾਂ
ਕਦੀ ਸਮੁੰਦਰ ਤਰਦਾ ਹਾਂ
ਕਦੀ ਸੂਰਜ
ਆਪਣੇ ਢਿੱਡ 'ਚ ਉਤਾਰਦਾ ਹਾਂ
ਕਦੀ ਰਿੱਝਦਾ ਹਾਂ
ਕਦੀ ਉੱਬਲਦਾ ਹਾਂ
ਕਦੀ ਬਲਦਾ ਹਾਂ

ਕਦੀ ਸੁਗਲ੍ਹਦਾ ਹਾਂ
ਮੈਂ ਜਿਸਮ ਤੋਂ ਛਾਲਾ
ਹੋ ਕੇ ਵੀ ਮੋਇਆ ਨਹੀਂ
ਤੇਰੇ ਦੀਦਾਰ ਲਈ
ਜਿਉਂਦਾ ਹਾਂ
ਆਸ ਦੀ ਡੋਰੀ ਤੇ
ਵਿੱਥਾਂ ਮਿਟਾਉਂਦਾ ਹਾਂ

-0-

ਰਹਿਮ ਕਰ
ਇਨ੍ਹਾਂ ਉੱਬਲਦੀਆਂ
ਅੱਖਾਂ ਨੂੰ
ਦੀਦਾਰ ਦੇ ਕੇ ਠਾਰ ਦੇ
ਇਸ ਬੂੰਦ ਦੇ ਕਤਰੇ ਨੂੰ
ਸਾਗਰ 'ਚ ਉਤਾਰ ਦੇ
ਇਸ ਮਿੱਟੀ ਦੇ ਜ਼ਰੇ ਨੂੰ
ਇਸ ਦਾ ਸੱਚ
ਵਿਖਾਲ ਦੇ

-0-

ਮੈਂ ਜਾਣਦਾ ਹਾਂ
ਤੇਰੀ ਰਹਿਮਤ ਤੋਂ ਬਿਨਾਂ
ਤੇਰਾ ਦੀਦਾਰ
ਕਰ ਨਹੀਂ ਸਕਦਾ

ਚਾਹੇ ਸੂਰਜਾਂ ਚੰਨਾਂ
ਤਾਰਿਆਂ ਤੋਂ ਰਾਖ਼ ਹੋ ਜਾਵਾਂ
ਭਾਵੇਂ ਲਹੂ ਮਾਸ ਤੋਂ
ਖ਼ਾਕ ਹੋ ਜਾਵਾਂ
ਕੁੱਝ ਵੀ ਨਹੀਂ ਦਾ ਚਾਹੇ
ਮੇਰੇ ਚੋਂ ਅਹਿਸਾਸ ਮਿਟ
ਜਾਵੇ
ਤਾਂ ਵੀ ਮੈਂ ਤੈਨੂੰ ਪਾ ਨਹੀਂ
ਸਕਦਾ
ਤੇਰੀ ਰਹਿਮਤ
ਤੇਰੀ ਨਿਹਮਤ ਤੋਂ ਬਿਨਾਂ
ਤੇਰੀ ਨਜ਼ਰ 'ਚ ਆ ਨਹੀਂ
ਸਕਦਾ
ਮੈਂ ਰਾਖ਼ ਦੀ ਰਾਖ਼ ਹੋ ਕੇ ਵੀ
ਤੇਰਾ ਦੀਦਾਰ ਪਾ
ਨਹੀਂ ਸਕਦਾ

-0-

ਪਰ
ਤੇਰੇ ਦੀਦਾਰ ਲਈ
ਇਹ ਨੈਣ
ਸੂਲੀ ਚੜ੍ਹ ਗਏ
ਸੂਰਜਾਂ 'ਚ ਉੱਬਲੇ

ਸਮੁੰਦਰਾਂ 'ਚ ਠਰ ਗਏ
ਜਿਸਮ ਤੋਂ ਛਾਲਾ ਹੋ ਗਏ
ਸ਼ਮਾਂ ਦੇ ਦੀਦਾਰ ਲਈ
ਪ੍ਵਾਨੇ ਸੜਣ ਤੋਂ ਪਹਿਲਾਂ ਹੀ
ਮਰ ਗਏ
ਫਿਰ਼ ਤੇਰੇ ਦੀਦਾਰ ਦੀ
ਹਸਰਤ ਹੋਈ ਹੈ
ਅੱਖ੍ਹਾਂ 'ਚ ਇਕ ਅੱਥਰੂ
ਦੀ ਮੌਤ ਹੋਈ ਹੈ

----

# ਤਮਾਸ਼ਾ

ਉਹ ਸੜਕ ਤੇ
ਮਿੱਟੀ ਦੇ ਢੇਲੇ ਵਾਂਗ
ਪਿਆ ਸੀ
ਨਾ ਬੋਲਦਾ ਨਾ ਸੁਣਦਾ
ਨਾ ਹਰਕਤ ਕਰਦਾ
ਨਾ ਅੱਖੀਆਂ ਝਪਕਦਾ
ਬਸ ਬਿੱਟ ਬਿਟ
ਵੇਖਦਾ ਹੀ ਜਾ ਰਿਹਾ ਸੀ
ਵੇਖਦਾ ਹੀ ਜਾ ਰਿਹਾ ਸੀ

-0-

ਉਸ ਦਾ
ਚਿਹਰਾ ਤਿੜਕਿਆ
ਵਜੂਦ ਅੰਗਾਂ ਤੇ ਨਖ਼ਸ਼ਾਂ ਤੋਂ
ਹੀਣ ਸੀ
ਉਹ ਰੱਬ ਦੇ ਹੀ ਆਸਰੇ ਸੀ
ਨਾ ਆਪਣੇ
ਆਪ ਦੇ ਅਧੀਨ ਸੀ
ਨਾ ਉਸ ਦੀ
ਕੋਈ ਪਹਿਚਾਣ ਸੀ ਨਾ
ਸਿਆਣ ਸੀ
ਉਹ ਗ਼ੁਮਨਾਮ ਸੀ

ਉਧੜੀ ਧਰਤੀ
ਤਿੜਕਿਆ ਅਸਮਾਨ ਸੀ

-0-

ਲੋਕੀਂ ਕੋਲੋਂ ਲੰਘਦੇ
ਇਕ ਦੂਜੇ ਨੂੰ ਪੁੱਛਦੇ
ਇਹ ਕੌਣ ਹੈ
ਦੂਜਾ ਦੱਸਦਾ
ਤੁਸੀਂ ਨਹੀਂ ਜਾਣਦੇ ਜਨਾਬ
ਇਹ ਸਾਡੇ
ਸਮਾਜ ਤੇ ਬੋਝ ਸੀ
ਸਾਡੀ ਚੇਤਨਾ ਤੇ ਦਿਲ ਤੇ
ਭਾਰ ਸੀ
ਸਾਡੇ ਸਿਰਾਂ ਤੇ ਲਟਕਦੀ
ਨੰਗੀ ਤਲਵਾਰ ਸੀ
ਸਾਡੇ ਰਾਹ ਦਾ ਰੋੜਾ ਸੀ
ਸਾਡੀਆਂ ਖ਼ੁਸ਼ੀਆਂ ਰੌਣਕਾਂ
ਦੀ ਉਜਾੜ ਸੀ

-0-

ਕੋਹੜ ਸੀ ਕਲੰਕ ਸੀ
ਸਾਡੇ ਸਮਾਜ ਦਾ
ਵਿਰੋਧ ਸੀ

ਸਾਡੀ ਆਵਾਜ਼ ਦਾ
ਸਾਡੀ ਉਨਤੀ ਦੇ
ਖ਼ਿਲਾਫ਼ ਸੀ
ਸਾਡੀ ਸਮਾਜਕ ਬੁਣਤੀ
ਦੇ ਖ਼ਿਲਾਫ਼ ਸੀ

–0–

ਅਸੀਂ ਇਸ ਨੂੰ
ਆਪਣੇ ਚੋਂ ਨਿਚੋੜ ਕੇ
ਸ਼ਹਿਰ ਚੋਂ ਕੱਢ ਕੇ ਬਾਹਰ
ਰੱਖ ਦਿੱਤਾ ਹੈ
ਇਸ ਚੋਂ ਮਨਫ਼ੀ ਹੋ ਗਏ ਹਾਂ
ਆਪਣੇ ਆਪ ਚੋਂ
ਇਸ ਨੂੰ ਮਨਫ਼ੀ
ਕਰ ਦਿੱਤਾ ਹੈ

–0–

ਅਸੀਂ ਇਕੋ ਹੀ
ਮੁਹੱਲੇ 'ਚ ਰਹਿੰਦੇ ਸਾਂ
ਇਕੋ ਹੀ
ਮਦਰੱਸੇ ਦੇ ਵਿਦਿਆਰਥੀ
ਸਾਂ
ਇਸ ਦਾ
ਨਿੱਕੇ ਹੁੰਦੇ ਦਾ ਨਾਂ ਸੱਚ ਸੀ

ਹੁਣ ਵੀ ਸੱਚ ਹੈ
ਸੱਚ ਦੇ ਨਾਂ ਨਾਲ
ਮਸ਼ਹੂਰ ਸੀ
ਮਦਰੱਸੇ ਤੇ ਮੁਹੱਲੇ ਦਾ
ਵਜ਼ੂਦ ਸੀ
ਰੂਹ ਸੀ ਦਸਤੂਰ ਸੀ
ਹੁਣ
ਇਹ ਸਾਡੇ ਲਈ ਹਾਸਾ ਹੈ
ਇਕ ਤਮਾਸ਼ਾ ਹੈ

-0-

ਉਹ ਸੜਕ ਤੇ
ਮਿੱਟੀ ਦੇ ਢੇਲੇ ਵਾਂਗ
ਪਿਆ ਸੀ
ਨਾ ਬੋਲਦਾ ਨਾ ਸੁਣਦਾ
ਨਾ ਹਰਕਤ ਕਰਦਾ
ਨਾ ਅੱਖ੍ਹਾਂ ਝਪਕਦਾ
ਬਸ ਬਿਟ ਬਿੱਟ ਵੇਖਦਾ
ਹੀ ਜਾ ਰਿਹਾ ਸੀ
ਵੇਖਦਾ ਹੀ ਜਾ ਰਿਹਾ ਸੀ

----

## ਨੇਕੀ

ਇਸ ਮਹਿਕ ਦੀ
ਭਾਲ ਸੀ ਮੈਨੂੰ
ਇਸ ਮਹਿਕ ਲਈ
ਮੈਂ ਦਰ-ਬ-ਦਰ ਭਟਕਿਆ ਹਾਂ
ਕਈ ਵਾਰ ਆਪੇ ਚੋਂ
ਬਾਹਰ ਆਇਆ ਹਾਂ
ਕਈ ਵਾਰ
ਆਪੇ 'ਚ ਪਰਤਿਆ ਹਾਂ

-0-

ਪਰ ਇਹ ਮਹਿਕ
ਤਾਂ ਭੀੜ ਚੋਂ ਆ ਰਹੀ ਹੈ
ਮੇਰੇ ਭਵਿੱਖ ਲਈ
ਮੈਨੂੰ ਬੁਲਾ ਰਹੀ ਹੈ
ਮੈਂ ਭੀੜ 'ਚ ਉਤਰਿਆ
ਚੋਰੀ
ਹਰ ਔਰਤ ਨੂੰ ਹਰ ਮਰਦ ਨੂੰ
ਸੁੰਘਿਆ
ਭੀੜ ਦੇ ਦੂਜੇ ਕਿਨਾਰੇ
ਇਕ ਬਿਰਧ ਔਰਤ

ਬੈਂਚ ਤੇ ਬੈਠੀ ਸੁਸਤਾ
ਰਹੀ ਸੀ
ਇਹ ਮਹਿਕ
ਉਸ ਦੇ ਪਿੰਡੇ ਚੋਂ ਹੀ ਆ
ਰਹੀ ਸੀ

-0-

ਮੈਂ
ਉਸ ਨੂੰ ਆਖਿਆ
ਐ
ਬਿਰਧਤਾ
ਜੋ ਮਹਿਕ ਤੇਰੇ ਪਿੰਡੇ ਚੋਂ
ਆ ਰਹੀ ਹੈ
ਮੇਰੇ 'ਚ ਸਮਾਈ ਹੈ
ਲਗਦੈ ਤੂੰ ਵੀ ਬਚਪਨ ਤੇ
ਜਵਾਨੀ
ਮੇਰੇ ਵਾਗ ਹੀ ਹੰਢਾਈ ਹੈ
ਬਿਰਧ ਔਰਤ ਬੋਲੀ
ਇਸ ਚਿਹਰੇ ਨੇ
ਜਵਾਨੀ 'ਚ
ਮੇਰੇ ਅੰਦਰ ਕਈ ਚਿਹਰੇ
ਉਤਾਰੇ ਸਨ
ਕਈਆਂ ਰੰਗਾਂ ਦੀਆਂ
ਤਸਵੀਰਾਂ

ਮੇਰੇ ਦਿਲ ਦੇ ਕੋਰੇ
ਕਾਗਜ਼ ਤੇ ਬਣਾਈਆਂ ਸਨ

-0-

ਇਸ ਮਹਿਕ ਨੇ
ਕਈ ਮਰਮਰੀ ਬੁੱਤਾਂ ਦੀਆਂ
ਸੂਰਤਾਂ ਤੇ ਮੂਰਤਾਂ
ਮੇਰੀ ਚੇਤਨਾ 'ਚ ਬੁਣੀਆਂ ਸਨ
ਮੇਰੇ ਅੰਦਰ
ਇਕ ਜੋਤ ਬਲੀ ਸੀ
ਜਿਸ ਪਰਮ ਜੋਤ ਦੀ ਰੌਸ਼ਨੀ
ਮੇਰੇ ਅੰਦਰ ਧਰੀ ਸੀ
ਇਹ ਮਹਿਕ
ਉਸ ਦਾਤੇ ਦੀ ਰਹਿਮਤ ਹੈ
ਨਿਹਮਤ ਹੈ
ਜਿਸ ਮੇਰੇ 'ਚ ਵਸਾਈ ਹੈ
ਤੇ ਇਸ ਮਹਿਕ ਦੇ ਸਦਕਾ
ਦੁਨੀਆਂ ਦੀ ਸੂਰਤ ਚੋਂ
ਆਪਣੀ
ਸੂਰਤ ਵਿਖਾਈ ਹੈ

-0-

ਮੈਂ ਆਖਿਆ

ਐ
ਬਿਰਧਤਾ
ਮੇਰੇ ਅੰਦਰ ਵੀ
ਲੋਕਾਂ ਦੇ ਹਾਜ਼ੂਮ ਤੁਰਦੇ ਹਨ
ਅੱਖਾਂ ਵੇਖਦੀਆਂ ਹਨ
ਜੀਭਾਂ ਬੋਲਦੀਆਂ ਹਨ
ਹੱਥ ਅਨੇਕਾਂ
ਕਰਮ ਕਰਦੇ ਹਨ
ਪੈਰ ਸਫ਼ਰਾਂ ਤੇ ਨਿਕਲਦੇ
ਹਨ
ਮੇਰੇ ਅੰਦਰ
ਕਲਿਆਣ ਦੇ ਚਿਹਰੇ
ਸੁੰਦਰਤਾ ਦੀਆਂ ਮੂਰਤਾਂ ਦਾ
ਵਸੇਰਾ ਹੈ
ਚੰਨਾਂ ਤਾਰਿਆਂ ਦੀ
ਲੋਅ ਹੈ
ਸੂਰਜਾਂ ਦਾਂ ਡੇਰਾ ਹੈ

-0-

ਮੇਰੀ ਖ਼ੁਸ਼ਬੂ ਹੀ
ਮੈਨੂੰ ਤੇਰੇ ਤਕ ਲੈ ਆਈ ਹੈ
ਤੇਰੀ ਸ਼ਕਲ ਸੂਰਤ ਤੇ ਵਜ਼ੂਦ 'ਚ
ਮੈਂ ਆਪਣੇ ਭਵਿੱਖ ਦੀ

ਮੰਜ਼ਿਲ ਪਾਈ ਹੈ
ਬੁੱਢਾਪੇ 'ਚ
ਮੈਂ ਤੇਰੇ ਵਰਗਾ ਭਰਿਆ
ਭਰਿਆ
ਨਿਰਮਲ ਸਵੱਸ਼ ਤੇ ਸੀਤਲ
ਚਿਹਰਿਆਂ ਦਾ
ਸਾਗਰ ਬਣਾਂਗਾ
ਜੋਤਾਂ ਦੇ ਸਾਗਰ 'ਚ
ਪਰਮ ਜੋਤ ਦਾ ਸਰੂਪ
ਧਰਾਂਗਾ
ਐ
ਬਿਰਧਤਾ
ਮੇਰਾ ਬਚਪਨ ਜਵਾਨੀ
ਤੈਨੂੰ ਪ੍ਣਾਮ ਕਰਦਾ ਹੈ
ਸੱਚ ਸੁੰਦਰਤਾ ਤੇ
ਕਲਿਆਣ ਦਾ ਅਰਘਾ
ਤੇਰੇ ਚਰਨਾਂ 'ਚ ਧਰਦਾ ਹੈ

----

## ਪ੍ਰਾਹੁਣਾ

ਮੈਂ
ਇਹ ਜੀਵਨ ਜੀਵਿਆ
ਹੈ
ਇਸ ਨੂੰ ਹੰਢਾਇਆ ਹੈ
ਇਸ ਦਾ ਰੱਸ ਪੀਤਾ ਹੈ
ਇਸ 'ਚ ਉਤਰਿਆ ਹਾਂ
ਇਸ ਨੂੰ
ਆਪਣੇ ਅੰਦਰ ਕੀਤਾ ਹੈ

-0-

ਸੋਚਦਾ ਹਾਂ
ਇਹ ਜੀਵਨ ਸਦਾ ਹੀ
ਹੰਢਾਉਂਦਾ ਰਹਾਂ
ਅਸਲ ਮਨੁੱਖ ਸਿਰਜਦਾ
ਰਹਾਂ
ਅਸਲ ਸਮਾਜ
ਉਸਾਰਦਾ ਰਹਾਂ
ਵਿਸ਼ਵ ਦਾ ਵਜ਼ੂਦ
ਆਪਣੀ ਮਿੱਟੀ ਦਾ
ਘੜਦਾ ਰਹਾਂ
ਕਲਿਆਣ ਦੀ ਧਰਤੀ

ਸੱਚ ਦਾ ਆਸਮਾਂ
ਤੇ ਸੁੰਦਰਤਾ ਦੀ ਪ੍ਰਕਿਰਤੀ
ਇਸ 'ਚ ਸਜਾਉਂਦਾ ਰਹਾਂ

-0-

ਚਾਹੁੰਦਾ ਹਾਂ
ਕਿ ਮੈਂ ਏਨਾ
ਇਸ ਦੁਨੀਆਂ 'ਚ ਉਤ਼ਰ
ਜਾਵਾਂ
ਕਿ ਫਿਰ ਨਾ
ਪਰਤ ਕੇ ਆਵਾਂ
ਹਰ ਸ਼ਖ਼ਸ ਦੀਆਂ ਨਾੜਾਂ 'ਚ
ਤੁਰਾਂ
ਹਰ ਸ਼ਖ਼ਸ ਦੀ ਨਸ ਨਸ 'ਚ
ਵੱਸਾਂ
ਹਰ ਸਖ਼ਸ਼ ਦੇ
ਦਿਲ 'ਚ ਧੜਕਾਂ
ਹਾਸਿਆਂ 'ਚ ਵੱਸਾਂ
ਅੱਥਰੂਆਂ 'ਚ ਰਹਾਂ

-0-

ਬੱਚਿਆਂ ਦੀ
ਮੁਸਕਰਾਹਟ ਹੋ ਜਾਵਾਂ

ਬੱਚਿਆਂ ਦੀ
ਨੀਂਦਰ 'ਚ ਉਤਰ ਜਾਵਾਂ
ਮਾਂ ਦੀ ਮਮਤਾ 'ਚ ਘੁਲ
ਜਾਵਾਂ
ਬਾਪੂ ਦੀ ਮੁਹੱਬਤ ਤੇ ਡੁੱਲ੍ਹ
ਜਾਵਾਂ
ਭੈਣ ਦੀ ਰੱਖੜੀ 'ਚ ਬੱਝਾਂ
ਭਰਾਵਾਂ ਦੀਆਂ ਬਾਹਾਂ
ਹੋ ਜਾਵਾਂ
ਬੱਚਿਆਂ ਦਾ ਤੋਤਲਾਪਣ
ਹੋਵਾਂ
ਬੱਚਿਆਂ ਵਾਂਗ ਬੁੱਲ੍ਹ ਟੇਰਾਂ
ਸੱਚ ਸੁੰਦਰਤਾ ਤੇ ਕਲਿਆਣ
ਮੇਰੀ ਪਹਿਚਾਣ ਹੋਵੇ
ਬੱਚਿਆਂ ਦੀ ਨਿਰਮਲਤਾ
ਤੇ ਮਾਸੂਮੀਅਤ
ਮੇਰੀ ਸਿਆਣ ਹੋਵੇ

-0-

ਤੇ ਸਭ ਤੋਂ ਵੱਧ

ਮੈਂ ਆਪਣੀ ਪਤਨੀ ਨੂੰ
ਹੰਝੂਆਂ ਸੰਗ ਇਸ਼ਨਾਨਾ
ਉਸ ਦਾ ਜਿਸਮ ਚੁੰਮਾਂ
ਆਪਣੇ ਹੋਠ ਤੇ ਰਸਨਾ
ਨੂੰ
ਸੁੱਚਿਆਂ ਕਰਾਂ
ਪੂਜਾਂ ਸਿਮਰਾਂ ਧਿਆਵਾਂ
ਉਸ ਦਾ ਰੂਪ ਹੋ ਜਾਵਾਂ
ਜੋ ਸੁੱਖ ਸ਼ਾਂਤੀ ਉਤਪੱਤੀ
ਰਿਜ਼ਕ ਕਲਿਆਣ ਤੇ
ਦਯਾ ਦੀ ਮੂਰਤੀ ਹੈ
ਮੇਰੀ ਤ੍ਰਿਪਤੀ ਦੀ ਪੂਰਤੀ ਹੈ

-0-

ਮੇਰੇ ਦਿਲ ਦੇ ਤਖ਼ਤ ਦੀ
ਉਹ ਮਹਾਂਰਾਣੀ ਹੈ
ਮੈਂ ਉਸ ਦੇ ਤਖ਼ਤ ਦਾ
ਬਾਦਸ਼ਾਹ ਹੀ ਨਹੀਂ
ਇਕ ਅਹਿਲਕਾਰ ਹਾਂ
ਸੇਵਾਦਾਰ ਹਾਂ
ਮੇਰੀ ਔਕਾਤ ਕਿੱਥੇ

ਕਿ ਮੈਂ
ਉਸ ਦਾ ਰੁਤਬਾ ਪਾ
ਸਕਾਂ
ਉਸ ਦੀ ਹਾਜ਼ੂਰੀ 'ਚ
ਆਪਣਾ ਸਿਰ ਉਠਾ ਸਕਾਂ
ਉਹ
ਸਿਰਫ਼ ਪਤਨੀ ਹੀ ਨਹੀਂ ਮੇਰੀ
ਮੇਰੀ ਜਨਮ ਦਾਤੀ
ਦਾ ਰੂਪ ਹੈ
ਅੱਲ੍ਹਾ ਤਾਲਾ ਨੇ ਆਪ
ਫ਼ੁਰਮਾਇਆ ਹੈ
ਕਿ ਔਰਤ
ਉਸ ਦਾ ਸਰੂਪ ਹੈ
ਅੱਲ੍ਹਾ ਤਾਲਾ ਦੇ ਸਭ ਗੁਣ
ਉਸ 'ਚ ਮਜ਼ੂਦ ਨੇ
ਰੂਹ ਇਕ ਹੈ
ਵੱਖ ਵੱਖ ਵਜ਼ੂਦ ਨੇ

-0-

ਮੈਂ ਇਹਦੀ ਛਾਂ ਹੇਠੋਂ
ਕਦੀ ਨਾ ਉਠਾਂ
ਮੈਂ ਇਹਦੀ ਛਾਂ

ਯੁਗੋਂ ਯੁਗ ਹੰਢਾਵਾਂ
ਇਹ ਮੇਰੇ 'ਚ ਉਤਰੀ
ਮੈਂ ਇਹਦੇ 'ਚ ਸਮਾਂ ਜਾਵਾਂ
ਨਾ ਉਹ ਪਤਨੀ
ਨਾ ਮੈਂ ਪਤੀ ਕਹਿਲਾਵਾਂ
ਉਸ ਦਾ ਅੱਧ ਮੇਰੇ 'ਚ ਰਲ
ਜਾਵੇ
ਸੱਚ 'ਚ ਸੱਚ ਰਲ ਜਾਵੇ
ਸੱਚ ਸੱਚ ਹੁੰਦਾ ਹੈ
ਘਟ ਰੱਤੀ ਨਹੀਂ ਹੁੰਦਾ
ਇਕ ਨੂਰ ਹੁੰਦਾ ਹੈ
ਪਤਨੀ ਪਤੀ ਨਹੀਂ ਹੁੰਦਾ

-0-

ਪਰ ਅਫ਼ਸੋਸ
ਇਹ ਸਭ ਤਿਆਗ ਕੇ
ਜਾਣਾ ਪੈਣਾ ਹੈ
ਇਸ ਦੁਨੀਆਂ 'ਚ
ਆਦਮੀ ਨੇ
ਪ੍ਰਾਹੁਣੇ ਵਾਂਗ ਰਹਿਣਾ ਹੈ

ਪਰ ਪ੍ਰਾਹੁਣਾ ਬਣ ਕੇ ਵੀ
ਜਿੰਨਾ ਚਿਰ ਰਹੇ
ਘਰ ਦੇ ਜੀਆਂ ਵਾਂਗ ਰਹੇ
ਉਹਨਾਂ ਦੇ ਹਾਸਿਆਂ 'ਚ ਹੱਸੇ
ਉਹਨਾਂ ਦੇ ਹੰਝੂਆਂ 'ਚ ਜੀਵੇ
ਜਦ ਆਪਣੇ ਸੱਚੇ ਘਰ 'ਚ
ਪਰਤੇ
ਘਰ ਦੇ ਜੀਅ ਕਹਿਣ
ਇਹ ਜੋ ਪ੍ਰਾਹੁਣਾ ਸੀ
ਖੰਡ ਦਾ ਖਿਡਾਉਣਾ ਸੀ

----

## ਉਹ ਕੁੜੀ

ਫੁੱਲ ਖਿੜੇ ਹਨ
ਮੇਰੇ ਯਾਰਡ 'ਚ ਨਹੀਂ
ਮਸਤਕ 'ਚ ਖਿੜੇ ਹਨ
ਦੋ ਦਿਲ ਮਿਲੇ ਹਨ
ਗੁਲਜ਼ਾਰ 'ਚ ਨਹੀਂ
ਕਲਪਣਾ 'ਚ ਮਿਲੇ ਹਨ
ਸ਼ਿਕਵੇ ਹਨ ਗਿਲੇ ਹਨ
ਆਹਮਣੇ ਸਾਹਮਣੇ ਨਹੀਂ
ਆਪਣੇ ਤਕ ਸੀਮਤ ਹਨ
ਆਪਣੇ ਆਪਣੇ ਹਨ

-0-

ਮੈਂ
ਉਸ ਨੂੰ ਵੇਖਿਆ ਹੈ
ਮਿਲਿਆ ਨਹੀਂ
ਪਤਾ ਨਹੀਂ
ਉਹ ਕੀ ਹੈ
ਉਹ ਕੌਣ ਹੈ
ਅੱਗਣ ਹੈ ਬੱਦਲ ਹੈ
ਜਾਂ ਪੌਣ ਹੈ
ਪਰ ਉਹ
ਮੇਰੇ ਦਿਲ ਤੇ ਵਰ੍ਹ ਗਈ ਹੈ
ਮੇਰੀ ਮਿੱਟੀ ਦੀ ਢੇਰੀ 'ਚ
ਜਗਦਾ ਚਿਰਾਗ਼ ਧਰ ਗਈ ਹੈ

-0-

ਮਰਨ ਤੋਂ ਪਿੱਛੋਂ ਵੀ
ਮੈਨੂੰ ਜਿਉਣ ਜੋਗਾ
ਕਰ ਗਈ ਹੈ
ਮੌਤ ਦੀ ਸਰਦਲ ਤੇ
ਜ਼ਿੰਦਗੀ ਧਰ ਗਈ ਹੈ
ਮੌਤ ਨੂੰ ਜ਼ਿੰਦਗੀ
ਅੱਜ਼ ਵਰ੍ਹ ਗਈ ਹੈ
ਫੁੱਲ ਜੋ ਮਸਤਕ 'ਚ ਖਿਲੇ ਹਨ
ਦਿਲ ਜੋ
ਕਲਪਣਾ 'ਚ ਮਿਲੇ ਹਨ
ਸਭ ਨੂੰ ਯਥਾਰਥ ਦਾ ਰੂਪ
ਦੇ ਗਈ ਹੈ
ਮੈਨੂੰ ਆਪਣਾ ਸਰੂਪ ਦੇ ਗਈ
ਹੈ

-0-

ਉਹ ਕੁੜੀ
ਜੋ ਮੇਰੀ ਕਲਪਣਾ 'ਚ
ਘੁਲੀ ਸੀ
ਅੱਜ ਮੇਰੇ ਸੰਗ
ਅੰਬਰ ਦੇ ਹੇਠਾਂ ਧਰਤੀ ਤੇ
ਤੁਰੀ ਹੈ
ਕਲਪਣਾ ਤੋਂ
ਸੱਚ ਹੋ ਗਈ ਹੈ
ਮੈਂ ਉਹਦੇ 'ਚ
ਉਹ ਮੇਰੇ ਚ ਖੋਹ ਗਈ ਹੈ

-0-

ਜੀਵਨ ਦਾ ਯਥਾਰਥ
ਸਾਡੇ ਵਿਹੜੇ ਹੱਸਦਾ
ਖੇਡਦਾ ਹੈ
ਇਹ ਸੱਚ
ਦੋ ਦਿਲਾਂ ਦੀ ਕਲਪਣਾ ਦੇ
ਮੇਲਦਾ ਹੈ
ਜੋ ਘਰ ਦੀਆਂ ਕੰਧਾਂ ਚੋਂ
ਦਿੱਸਦਾ ਹੈ
ਛੱਤਾਂ ਚੋਂ ਝਾਕਦਾ ਹੈ
ਵਿਹੜੇ 'ਚ ਮੇਲਦਾ ਹੈ

-0-

ਮੈਂ ਆਪਣੀ ਕਲਪਣਾ
ਤੇ ਉਸ ਕੁੜੀ ਦੇ ਯਥਾਰਥ ਦਾ
ਸੱਚ ਧਿਆਉਂਦਾ ਹਾਂ
ਜਿੱਧਰ ਵੀ ਵੇਖਦਾ ਹਾਂ
ਉਸ ਕੁੜੀ ਦਾ ਸੱਚ
ਪਾਉਂਦਾ ਹਾਂ
ਆਪਣੇ ਆਪ 'ਚ ਵੀ
ਸੱਚ ਹੋ ਜਾਂਦਾ ਹਾਂ
ਸੱਚ ਜੋ ਕਲਪਣਾ ਨਹੀਂ
ਸੱਚ ਜੋ ਮੈਂ ਨਹੀਂ
ਸੱਚ ਜੋ ਉਹ ਕੁੜੀ ਨਹੀਂ
ਸੱਚ ਤਾਂ ਸਿਰਫ਼ ਸੱਚ ਹੈ
ਮੈਂ ਤੇ ਉਹ ਕੁੜੀ
ਤਾਂ ਸਿਰਫ਼ ਕੱਚ ਹੈ

----

## ਸਥੂਲ ਲੋਕ

ਸ਼ਹਿਰ ਦੇ ਰੱਬ ਨੇ
ਮੈਨੂੰ ਆਸਰਾ ਦਿੱਤਾ
ਮੇਰੀ ਦੇਹ ਸੁੰਘੜ ਗਈ
ਮੈਂ ਦਾਇਰੇ ਤੋਂ
ਬਿੰਦੂ ਹੋ ਗਿਆ
ਆਪਣੇ ਦਾਇਰੇ ਦੀ
ਤਲਾਸ਼ 'ਚ ਭਟਕਿਆ
ਆਪਣੇ ਚੋਂ ਰੱਬ ਦੀ
ਆਸਥਾ ਨਿਚੋੜੀ
ਰੱਬ ਦੁਸ਼ਮਣ ਹੋ ਗਿਆ
ਮੇਰਾ ਵਜੂਦ ਫੈਲ ਗਿਆ

-0-

ਇਸ ਸ਼ਹਿਰ ਦਾ ਦਰ
ਜਦ ਵੀ ਕਿਸੇ
ਮੇਰੇ ਲਈ ਖੋਲ੍ਹਿਆ
ਕੰਧਾਂ ਛੱਤਾਂ ਵਿਹੜਿਆਂ
ਘਰਾਂ ਨੇ ਮੈਨੂੰ ਪਹਿਚਾਣਿਆਂ
ਪਰ ਘਰਾਂ 'ਚ ਵੱਸਦੇ
ਲੋਕਾਂ
ਮੈਨੂੰ ਪਰਾਇਆ ਜਾਣਿਆ

ਮੈਨੂੰ ਵੀ
ਪਰਾਏ ਹੀ ਨਜ਼ਰ ਆਏ
ਆਪਣੇ ਕਲਬੂਤਾਂ 'ਚ
ਆਪਣੀ ਮਰਜ਼ੀ ਤੋਂ ਬਿਨਾਂ
ਸਮਾਏ ਨਜ਼ਰ ਆਏ

-0-

ਸ਼ਹਿਰ ਦੀਆਂ ਗਲੀਆਂ 'ਚ
ਉਤਰਿਆ
ਗਲੀਆਂ 'ਚ ਲੱਗੇ
ਪੈਰਾਂ ਦੇ ਨਿਸ਼ਾਨ
ਮੈਨੂੰ ਅਜ਼ਨਬੀ ਲੱਗੇ
ਗਲੀਆਂ ਆਪਣੀਆਂ
ਲੱਗੀਆਂ
ਗਲੀਆਂ ਚੋਂ
ਮੇਰੇ ਬਚਪਣ ਨੇ ਝਾਕਿਆ
ਮੈਨੂੰ ਜੀ ਆਇਆਂ
ਆਖਿਆ
ਗਲੀਆਂ ਦੀਆਂ ਅੱਖਾਂ ਜੀਭਾਂ
ਕੰਨਾਂ ਚੋਂ
ਮੈ ਹੀ ਝਾਕਦਾ ਪੁਕਾਰਦਾ
ਤੇ ਆਪਣੇ ਆਪ ਨੂੰ ਸੁਣਦਾ
ਲੱਗਦਾ
ਗਲੀਆਂ ਦਾ ਚਿਹਰਾ
ਮੈਨੂੰ ਆਪਣਾ ਚਿਹਰਾ

ਲੱਗਦਾ
ਗਲੀਆਂ ਤੁਰਦੀਆਂ
ਗਲੀਆਂ ਦੇ ਹਰ ਮੋੜ ਤੇ
ਮੈਂ ਬੱਤੀ ਵਾਂਗ ਜਗਦਾ ਲੱਗਦਾ

-0-

ਸ਼ਹਿਰ ਦੇ ਰੱਬ ਨੇ
ਮੈਨੂੰ ਦਾਇਰੇ ਤੋਂ ਬਿੰਦੂ ਬਣਾ
ਦਿੱਤਾ
ਸ਼ਹਿਰ ਦੇ ਲੋਕਾਂ ਅਜ਼ਨਬੀ
ਆਖਿਆ
ਸ਼ਹਿਰ ਦੀਆਂ ਗਲੀਆਂ
ਮੈਨੂੰ ਮੇਰਾ ਬਚਪਣ ਲੁਟਾ ਦਿੱਤਾ

-0-

ਸਥੂਲ ਸ਼ਹਿਰ
ਸਥੂਲ ਘਰ ਕੰਧਾਂ ਵਿਹੜੇ
ਤੇ ਛੱਤਾਂ
ਸਥੂਲ ਗਲੀਆਂ
ਸਥੂਲਤਾ ਚੋਂ ਜ਼ਿੰਦਗੀ ਨਜ਼ਰ ਆਈ
ਜਿਉਂਦੇ ਜਾਗਦੇ ਲੋਕਾਂ ਚੋਂ
ਸਥੂਲਤਾ ਨਜ਼ਰ ਆਈ

----



ਸ਼ੀਸ਼ੇ ਚੋਂ ਝਾਕਦਾ ਸ਼ਹਿਰ
ਸੁੰਨ ਹੈ ਖ਼ਾਮੋਸ਼ ਹੈ
ਆਵਾਜ਼ ਮੇਰੀ ਤੇ ਲਿਬਾਸ
ਕਿਉਂ ਸ਼ਹਿਰ ਨਹੀਂ ਹੈ ਗੌਲ੍ਹਦਾ
ਮੈਂ ਸਮਾਂ ਹਾਂ
ਸਮੇਂ ਦੀ ਚਾਲ ਤੇ ਅਵਾਜ਼ ਹਾਂ
ਕਿਉਂ ਨਹੀਂ
ਕੋਈ ਦਰ ਫਿਰ ਵੀ ਖੋਲ੍ਹਦਾ

–●–

ਸ਼ਹਿਰ ਨੇ
ਆਪਣੇ ਦੁਆਲੇ
ਕੁਫ਼ਰ ਆਪਣਾ ਵਲ ਲਿਆ
ਅਖ਼ਬਾਰ ਦਾ ਪੰਨਾ ਹੈ
ਸ਼ਹਿਰੀ ਅੱਖ੍ਹ ਹੈ
ਪਰ ਚੁੱਪ ਹੈ
ਜੋ ਸੱਚ ਸੀ
ਸੜਕਾਂ ਤੇ ਰਾਤੀ ਬੋਲਦਾ

ਅਨੁਭਵ 'ਚੋਂ

ਨਾ ਲਿਖ ਕੁੱਝ ਵੀ
ਇਨ੍ਹਾਂ ਪੱਥਰਾਂ ਤੇ
ਇਹ ਕਦ ਪੜ੍ਹਦੇ ਵਿਚਾਰਦੇ ਨੇ
ਇਹ ਪੱਥਰ ਨੇ
ਇਹ ਕਦ ਦਿਲ ਤੇ ਉਤਾਰਦੇ ਨੇ
ਇਨ੍ਹਾਂ ਪੱਥਰਾਂ 'ਚ
ਦਿਲ ਦਾ ਸੱਚ ਕਿੰਝ ਧਰੇਂਗਾ ਤੂੰ
ਆਪਣਾ ਲਿਖਿਆ
ਆਪ ਹੀ
ਕਿੰਝ ਪੜ੍ਹੇਂਗਾ ਤੂੰ

ਪ੍ਰਛਾਵੇਂ ਚੋਂ

–ਚਰਨ ਸਿੰਘ